e-Magazine

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਰੂ ਨੰਗਲ, ਹੁਸ਼ਿਆਰਪੁਰ

2022–23

# ਪੁੰਗਾਰ

ਅੰਕ : 6



# ਸੰਦੇਸ਼

ਮੈਨੂੰ ਇਹ ਗੱਲ ਸਾਂਝੀ ਕਰਦਿਆਂ ਬਹੁਤ ਖ਼ੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਕੂਲ ਸਿੱਖਿਆ ਵਿਭਾਗ ਪੰਜਾਬ ਵਲੋਂ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਹੋਣਹਾਰ ਵਿਦਿਆਰਥੀਆਂ ਦੀਆਂ ਸਾਹਿਤਕ ਅਤੇ ਕਲਾਤਮਕ ਰੁਚੀਆਂ ਨੂੰ ਤਲਾਸ਼ਣ ਅਤੇ ਤਰਾਸ਼ਣ ਦੇ ਉਦੇਸ਼ ਨਾਲ ਸਕੂਲਾਂ ਦੇ ਬਾਲ ਰਸਾਲੇ ਪ੍ਰਕਾਸ਼ਤ ਕਰਵਾਏ ਗਏ ਹਨ । ਸਕੂਲੀ ਵਿਦਿਆਰਥੀਆਂ ਦੀ ਸ਼ਖ਼ਸੀਅਤ ਬਹੁਪੱਖੀ ਹੁੰਦੀ ਹੈ। ਉਨ੍ਹਾਂ ਵਿਚ ਸਿੱਖਿਆ ਪ੍ਰਾਪਤ ਕਰਨ ਦੇ ਨਾਲ ਨਾਲ ਸਾਹਿਤਕ, ਸਭਿਆਚਾਰਕ ਅਤੇ ਕਲਾਤਮਕ ਗੁਣ ਵੀ ਮੌਜੂਦ ਹੁੰਦੇ ਹਨ। ਸਕੂਲਾਂ ਵਲੋਂ ਪ੍ਰਕਾਸ਼ਤ ਕੀਤੇ ਗਏ ਇਹ ਬਾਲ ਰਸਾਲੇ ਵਿਦਿਆਰਥੀਆਂ ਦੀਆਂ ਇਨ੍ਹਾਂ ਕਲਾ ਰੁਚੀਆਂ ਨੂੰ ਉਭਾਰ ਕੇ ਪ੍ਰਗਟ ਕਰਨ ਦਾ ਸੁਹਜਾਤਮਕ ਆਧਾਰ ਬਣਦੇ ਹਨ। ਸਕੂਲ ਮੈਗਜ਼ੀਨਾਂ ਤੋਂ ਹੀ ਵਿਦਿਆਰਥੀਆਂ ਦੀਆਂ ਲੇਖਣ ਰੁਚੀਆਂ ਨੂੰ ਵਿਕਸਤ ਕਰਨ ਦਾ ਮੁੱਢ ਬੱਝਦਾ ਹੈ। ਇਨ੍ਹਾਂ ਵਿਚ ਛਪੇ ਗੀਤ, ਕਵਿਤਾਵਾਂ, ਕਹਾਣੀਆਂ, ਬਾਲ ਗੀਤ, ਲੇਖ ਅਤੇ ਹੋਰ ਰੌਚਕ ਸਮੱਗਰੀ ਵਿਦਿਆਰਥੀਆਂ ਨੂੰ ਜੀਵਨ ਸੇਧ ਦੇਣ ਦੇ ਨਾਲ਼ ਨਾਲ਼ ਉਨ੍ਹਾਂ ਨੂੰ ਇਕ ਚੰਗਾ ਵਿਦਿਆਰਥੀ ਅਤੇ ਜਿੰਮੇਵਾਰ ਨਾਗਰਿਕ ਬਣਾਉਣ ਦਾ ਸੰਦੇਸ਼ ਵੀ ਦਿੰਦੇ ਹਨ। ਇਸ ਨਾਲ ਵਿਦਿਆਰਥੀਆਂ ਦੀ ਕਲਪਨਾ ਸ਼ਕਤੀ ਵਿਕਸਤ ਹੋ ਕੇ ਉਸਾਰੂ ਬਣਦੀ ਹੈ। ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਹੁੰਦਾ ਹੈ ਅਤੇ ਉਹ ਜੀਵਨ ਸਲੀਕੇ ਦੇ ਗੁਣ ਵੀ ਸਿੱਖਦੇ ਹਨ। ਸਕੂਲਾਂ ਵੱਲੋਂ ਪ੍ਰਕਾਸ਼ਤ ਕਰਵਾਏ ਗਏ ਇਨ੍ਹਾਂ ਬਾਲ ਰਸਾਲਿਆਂ ਨਾਲ ਵਿਦਿਆਰਥੀਆਂ ਦੀ ਪੜ੍ਹਨ ਰੁਚੀ ਹੋਰ ਪ੍ਰਬਲ ਹੋਵੇਗੀ।ਵਿਦਿਆਰਥੀਆਂ ਵਿੱਚ ਚੰਗਾ ਸਾਹਿਤ ਪੜ੍ਹਨ ਅਤੇ ਲਿਖਣ ਦੀ ਚੇਟਕ ਨੂੰ ਵੀ ਫ਼ਲ ਲੱਗੇਗਾ। ਇਨ੍ਹਾਂ ਰਸਾਲਿਆਂ ਨਾਲ ਵਿਦਿਆਰਥੀਆਂ ਦੇ ਸ਼ਬਦ ਭੰਡਾਰ, ਆਮ ਜਾਣਕਾਰੀ ਅਤੇ ਸਿੱਖਣ ਸਿਖਾਉਣ ਦੀ ਪ੍ਰਕਿਰਿਆ ਨਿਰੰਤਰ ਜੀਵੰਤ ਰਹੇਗੀ। ਮੈਂ ਸਿੱਖਿਆ ਵਿਭਾਗ ਦੇ ਇਸ ਸਿਰਜਣਾਤਮਕ ਉਪਰਾਲੇ ਦੀ ਸ਼ਲਾਘਾ ਕਰਦਾ ਹੋਇਆ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਰਕਾਰੀ ਸਕੂਲਾਂ ਦੇ ਸਮੂਹ ਮੁਖੀ ਸਾਹਿਬਾਨ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਕੂਲ ਮੈਗਜ਼ੀਨ ਪ੍ਰਕਾਸ਼ਿਤ ਕਰਾਉਣ ਦੀ ਵਧਾਈ ਦਿੰਦਾ ਹਾਂ। ਸ਼ੁੱਭ ਕਾਮਨਾਵਾਂ ਸਹਿਤ।

**ਗੁਰਸ਼ਰਨ ਸਿੰਘ**
**ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿੱ)**
**ਹੁਸ਼ਿਆਰਪੁਰ**

# ਸੰਦੇਸ਼



ਸਾਹਿਤਕ ਪੁਸਤਕਾਂ ਅਤੇ ਰਸਾਲੇ ਵਿਦਿਆਰਥੀਆਂ ਦੀ ਲਿਖਣ ਪੜ੍ਹਨ ਦੀ ਸਮਰੱਥਾ ਨੂੰ ਵਿਕਸਤ ਕਰਨ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੇ ਹਨ । ਸਕੂਲੀ ਵਿਦਿਆਰਥੀਆਂ ਦੇ ਸਰਵ ਪੱਖੀ ਵਿਕਾਸ ਲਈ ਚੰਗੀਆਂ ਪੁਸਤਕਾਂ ਅਤੇ ਮਿਆਰੀ ਸਾਹਿਤਕ ਰਸਾਲੇ ਬਹੁਤ ਲਾਭਦਾਇਕ ਸਿੱਧ ਹੁੰਦੇ ਹਨ। ਸਕੂਲ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਮੂਹ ਸਰਕਾਰੀ ਸਕੂਲਾਂ ਵਲੋਂ ਨੰਨ੍ਹੇ-ਮੁੰਨੇ ਵਿਦਿਆਰਥੀਆਂ ਦੀਆਂ ਵੰਨ-ਸੁਵੰਨੀਆਂ ਕਵਿਤਾਵਾਂ, ਬਾਲ ਗੀਤਾਂ, ਕਹਾਣੀਆਂ, ਲੇਖਾਂ ਅਤੇ ਹੋਰ ਸਾਹਿਤਕ ਮੱਸ ਵਾਲੀਆਂ ਰਚਨਾਵਾਂ ਦਾ ਰੰਗ-ਬਰੰਗਾ ਸ਼ਬਦ ਗੁਲਦਸਤਾ ਸਕੂਲ ਮੈਗਜ਼ੀਨਾਂ ਦੇ ਰੂਪ ਵਿਚ ਪ੍ਰਕਾਸ਼ਤ ਕੀਤਾ ਗਿਆ ਹੈ ਜਿਸ ਲਈ ਸਕੂਲ ਮੁਖੀ, ਅਧਿਆਪਕ ਅਤੇ ਵਿਦਿਆਰਥੀ ਵਧਾਈ ਦੇ ਪਾਤਰ ਹਨ । ਦਰਅਸਲ ਬੱਚਾ ਨਾ ਤਾਂ ਕੋਰੀ ਸਲੇਟ ਹੁੰਦਾ ਹੈ ਅਤੇ ਨਾ ਹੀ ਮਿੱਟੀ ਦਾ ਮਾਧੋ, ਬੱਚਿਆਂ ਵਿਚ ਤਾਂ ਸਗੋਂ ਕੁਦਰਤ ਨੇ ਸੂਖਮ ਕਲਾਵਾਂ ਦੇ ਕਈ ਗੁਣ ਭਰੇ ਹੋਏ ਹੁੰਦੇ ਹਨ। ਇੱਕ ਚੰਗਾ ਅਧਿਆਪਕ ਉਨ੍ਹਾਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਸਥੂਲ ਆਕਾਰ ਵਿੱਚ ਢਾਲ ਕੇ ਸੋਨੇ ਵਾਂਗ ਚਮਕਾ ਦਿੰਦਾ ਹੈ।ਇਹੀ ਕਾਰਜ ਸਾਡੇ ਅਧਿਆਪਕਾਂ ਨੇ ਸਕੂਲ ਮੈਗਜ਼ੀਨ ਭਾਵ ਸਕੂਲ ਦੇ ਬਾਲ ਰਸਾਲੇ ਪ੍ਰਕਾਸ਼ਤ ਕਰਕੇ ਕੀਤਾ ਹੈ।ਇਨ੍ਹਾਂ ਰਸਾਲਿਆਂ ਵਿੱਚ ਅਧਿਆਪਕਾਂ ਸਮੇਤ ਬੱਚਿਆਂ ਦੇ ਮਨੋਭਾਵਾਂ ਨੂੰ ਉਜਾਗਰ ਕਰਦੀਆਂ ਖੂਬਸੂਰਤ ਰਚਨਾਵਾਂ ਛਾਪੀਆਂ ਗਈਆਂ ਹਨ ਜਿਸ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਸ ਕਾਰਜ ਨਾਲ ਵਿਦਿਆਰਥੀਆਂ ਦੀ ਸਾਹਿਤਕ ਅਤੇ ਕਲਾਤਮਕ ਪ੍ਰਤਿਭਾ ਹੋਰ ਨਿਖਰੇਗੀ ਅਤੇ ਉਹਨਾਂ ਦੀਆਂ ਪ੍ਰਕਾਸ਼ਤ ਰਚਨਾਵਾਂ ਪੜ੍ਹ ਕੇ ਪਾਠਕ ਪੂਰਾ ਆਨੰਦ ਮਾਣਨਗੇ।

ਸ਼ੁੱਭ ਕਾਮਨਾਵਾਂ ਸਹਿਤ।

**ਧੀਰਜ ਵਸਿਸ਼ਟ**
**ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)**
**ਹੁਸ਼ਿਆਰਪੁਰ**

# ਸੰਦੇਸ਼



ਸਕੂਲ ਸਿੱਖਿਆ ਵਿਭਾਗ, ਪੰਜਾਬ ਨੇ ਇੱਕ ਨਿਵੇਕਲੀ ਪਹਿਲ ਕਰਦਿਆਂ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਇਸ ਵਿੱਦਿਅਕ ਵਰ੍ਹੇ (2022-23) ਦੌਰਾਨ ਸਕੂਲ ਮੈਗਜ਼ੀਨ ਦੇ ਪ੍ਰਕਾਸ਼ਨ ਲਈ ਹਿਦਾਇਤਾਂ ਜਾਰੀ ਕੀਤੀਆਂ ਹਨ। ਇੱਕਸਾਰਤਾ ਬਣਾਈ ਰੱਖਣ ਲਈ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਇਸ ਮੈਗਜ਼ੀਨ ਨੂੰ ਮਿਤੀ 14.11.2022 ਨੂੰ ਰਿਲੀਜ਼ ਕਰਨ ਦਾ ਟੀਚਾ ਰੱਖਿਆ ਗਿਆ ਹੈ। ਸਕੂਲ ਸਿੱਖਿਆ ਵਿਭਾਗ ਦੀ ਇਹ ਪਹਿਲ ਸੱਚਮੁੱਚ ਹੀ ਬੜੀ ਮਹੱਤਵਪੂਰਨ ਅਤੇ ਸਲਾਹੁਣਯੋਗ ਹੈ। ਜਿਵੇਂ ਕਿ ਅਸੀ ਸਾਰੇ ਜਾਣਦੇ ਹਾਂ ਕਿ ਸਿੱਖਿਆ ਦਾ ਅੰਤਿਮ ਉਦੇਸ਼ ਮਨੁੱਖ ਦਾ ਸਰਵਪੱਖੀ ਵਿਕਾਸ ਹੈ। ਸਕੂਲਾਂ ਵਿੱਚ ਇਹਨਾਂ ਮੈਗਜ਼ੀਨਾਂ ਦਾ ਪ੍ਰਕਾਸ਼ਨ ਵਿਦਿਆਰਥੀਆਂ ਦੇ ਬੌਧਿਕ ਅਤੇ ਸਾਹਿਤਕ ਪੱਖ ਨੂੰ ਮਜ਼ਬੂਤ ਕਰਨ ਵਿੱਚ ਸਹਾਈ ਹੋਵੇਗਾ, ਉਹਨਾਂ ਵਿੱਚ ਸਾਹਿਤਕ ਰੁਚੀਆਂ ਪੈਦਾ ਕਰੇਗਾ। ਸਾਹਿਤ ਪੜ੍ਹਣਾ ਅਤੇ ਸਿਰਜਣਾ ਮਨੁੱਖ ਵਿੱਚ ਰਚਨਾਤਮਿਕਤਾ, ਮੌਲਿਕਤਾ, ਕੋਮਲਤਾ, ਸੰਵੇਦਨਸ਼ੀਲਤਾ ਅਤੇ ਭਾਵੁਕਤਾ ਵਰਗੇ ਗੁਣ ਪੈਦਾ ਕਰਦਾ ਹੈ। ਅਜੋਕੇ ਸਮੇਂ ਵਿੱਚ ਸੋਸ਼ਲ ਮੀਡੀਆ ਦੇ ਪਸਾਰ ਨੇ ਵਿਦਿਆਰਥੀਆਂ ਨੂੰ ਸਾਹਿਤ ਤੋਂ ਦੂਰ ਕਰ ਦਿੱਤਾ ਹੈ। ਵਿਭਾਗ ਵਲੋਂ ਕੀਤਾ ਗਿਆ ਇਹ ਉਪਰਾਲਾ ਉਹਨਾਂ ਨੂੰ ਸਾਹਿਤ ਵੱਲ ਮੋੜਣ ਅਤੇ ਉਸਦੇ ਮਹੱਤਵ ਨੂੰ ਸਮਝਣ ਦਾ ਮੌਕਾ ਪ੍ਰਦਾਨ ਕਰੇਗਾ। ਸਿਰਫ ਵਿਦਿਆਰਥੀ ਹੀ ਨਹੀ ਸਗੋਂ ਇਹ ਮੈਗਜ਼ੀਨ ਅਧਿਆਪਕਾਂ ਲਈ ਵੀ ਉਹਨਾਂ ਅੰਦਰ ਛੁਪੀ ਹੋਈ ਲੇਖਨ-ਪ੍ਰਤਿਭਾ ਨੂੰ ਉਜਾਗਰ ਕਰਨ ਦਾ ਸਾਧਨ ਹੋਣਗੇ। ਉਹ ਉਹਨਾਂ ਦੁਆਰਾ ਪੜ੍ਹਾਏ ਜਾਣ ਵਾਲੇ ਵੱਖ-ਵੱਖ ਵਿਸ਼ਿਆਂ ਨੂੰ ਹੋਰ ਵੀ ਵਧੇਰੇ ਯੋਗ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕਰਨ ਦੇ ਯੋਗ ਬਣਨਗੇ। ਮੇਰੇ ਵਲੋਂ
ਸਭ ਨੂੰ ਇਸ ਮੌਕੇ ਤੇ ਬਹੁਤ-ਬਹੁਤ ਵਧਾਈ ਅਤੇ
ਸ਼ੁਭ ਕਾਮਨਾਵਾਂ।

**ਸ਼ੈਲੇਂਦਰ ਠਾਕੁਰ**
**ਪ੍ਰਿੰਸੀਪਲ**
**ਸ.ਸ.ਸ. ਸਕੂਲ ਨਾਰੂ ਨੰਗਲ**
**ਹੁਸ਼ਿਆਰਪੁਰ**

# ਸੰਦੇਸ਼



ਸਕੂਲ ਸਿੱਖਿਆਂ ਵਿਭਾਗ, ਪੰਜਾਬ ਨੇ ਸਾਰੇ ਸਰਕਾਰੀ ਸਕੂਲਾਂ ਵਿੱਚ ਸ਼ੈਸ਼ਨ (2022-23) ਦੌਰਾਨ ਸਕੂਲ ਮੈਗਜ਼ੀਨ ਦੇ ਪ੍ਰਕਾਸ਼ਨ ਲਈ ਹਦਾਇਤਾਂ ਅਨੁਸਾਰ ਮਿਤੀ 14-11-2022 ਨੂੰ ਬਾਲ ਦਿਵਸ ਤੇ ਰਿਲੀਜ਼ ਕਰਨ ਦਾ ਟੀਚਾ ਰੱਖਿਆ ਹੈ। ਮੇਰੇ ਇਸ ਸਕੂਲ ਵਿੱਚ ਆਉਣ ਨਾਲ ਕਾਮਰਸ ਗਰੁੱਪ ਸਾਰੇ ਵਿਦਿਆਰਥੀਆਂ ਨਾਲ ਸਾਝਾਂ ਕਰਕੇ ਕਾਮਰਸ ਗਰੁੱਪ ਸ਼ੁਰੂ ਕੀਤਾ ਜਿਸ ਨਾਲ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਇੱਕ ਨਵੀਂ ਦਿਸ਼ਾ ਮਿਲੀ। ਇਸ ਵਿਸ਼ੇ ਨੂੰ ਪੜ੍ਹ ਕੇ ਵਿਦਿਆਰਥੀ ਬੈਂਕ ਸੈਕਟਰ, ਸੀ.ਏ., ਸਿੱਖਿਆਂ ਦੇ ਖੇਤਰ ਅਤੇ ਅਕਾਊਟਿੰਗ ਖੇਤਰ ਵਿੱਚ ਆਪਣੀਆਂ ਸੇਵਾਵਾਂ ਨਿਭਾ ਸਕਦੇ ਹਨ। ਮੇਰੇ ਤਜ਼ਰਬੇ ਅਨੁਸਾਰ ਅਧਿਆਪਕ ਦੇ ਸੁਭਾਅ ਵਿੱਚ ਸਿੱਖਿਆ ਇੱਕ ਨਵੀਨਕਾਰੀ ਪਹੁੰਚ, ਅਨੁਭਵ ਅਤੇ ਗਿਆਨ ਦੇ ਆਧਾਰ ਤੇ ਕੁਆਲਟੀ ਦੀ ਉੱਤਮਤਾ ਨੂੰ ਨਿਰਧਾਰਿਤ ਕਰਦਾ ਹੈ।

ਮੈਨੂੰ ਇਹ ਸਕੂਲ ਆਪਣੇ ਘਰ ਵਾਂਗ ਮਹਿਸੂਸ ਹੁੰਦਾ ਹੈ ਕਿਉਂਕਿ ਮੈਂ ਇਸ ਸਕੂਲ ਤੋਂ 8ਵੀਂ ਜਮਾਤ ਤੱਕ ਪੜਾਈ ਕੀਤੀ ਸੀ ਕਿਉਂਕਿ ਉਸ ਸਮੇਂ ਇਹ ਮਿਡਲ ਸਕੂਲ ਸੀ।ਮੇਰੇ ਵੱਲੋਂ ਇਸ ਮੋਕੇ ਤੇ ਬਹੁਤ-ਬਹੁਤ

ਵਧਾਈ ਅਤੇ ਸ਼ੁਭਕਾਮਨਾਵਾਂ।

**ਸੋਹਣ ਲਾਲ**
**ਲੈਕਚਰਾਰ-ਕਾਮਰਸ**
**ਸ.ਸ.ਸ.ਸਕੂਲ ਨਾਰੂ ਨੰਗਲ**

# ਸੰਦੇਸ਼



ਸਕੂਲ ਸਿੱਖਿਆ ਵਿਭਾਗ, ਪੰਜਾਬ ਨੇ ਸਾਰੇ ਸਰਕਾਰੀ ਸਕੂਲਾਂ ਵਿੱਚ ਮੈਗਜ਼ੀਨ ਨੂੰ ਮਿਤੀ 14.11.2022 ਨੂੰ ਰਿਲੀਜ਼ ਕਰਨ ਦਾ ਟੀਚਾ ਰੱਖਿਆ ਗਿਆ ਹੈ। ਸਕੂਲ ਸਿੱਖਿਆ ਵਿਭਾਗ ਦੀ ਇਹ ਪਹਿਲ ਸੱਚਮੁੱਚ ਹੀ ਬੜੀ ਸਲਾਹੁਣਯੋਗ ਹੈ। ਸਕੂਲ ਮੈਗਜ਼ੀਨਾਂ ਤੋਂ ਹੀ ਵਿਦਿਆਰਥੀਆਂ ਦੀਆਂ ਲੇਖਣ ਰੁਚੀਆਂ ਨੂੰ ਵਿਕਸਤ ਕਰਨ ਦਾ ਮੁੱਢ ਬੱਝਦਾ ਹੈ। ਇਨ੍ਹਾਂ ਵਿਚ ਛਪੇ ਗੀਤ, ਕਵਿਤਾਵਾਂ, ਕਹਾਣੀਆਂ, ਬਾਲ ਗੀਤ, ਲੇਖ ਅਤੇ ਹੋਰ ਰੋਚਕ ਸਮੱਗਰੀ ਵਿਦਿਆਰਥੀਆਂ ਨੂੰ ਜੀਵਨ ਸੇਧ ਦੇਣ ਦੇ ਨਾਲ਼ ਨਾਲ਼ ਉਨ੍ਹਾਂ ਨੂੰ ਇਕ ਚੰਗਾ ਵਿਦਿਆਰਥੀ ਅਤੇ ਜਿੰਮੇਵਾਰ ਨਾਗਰਿਕ ਬਣਾਉਣ ਦਾ ਸੰਦੇਸ਼ ਵੀ ਦਿੰਦੇ ਹਨ। ਮੇਰੇ ਵਲੋਂ ਸਭ ਨੂੰ ਇਸ ਮੌਕੇ ਤੇ ਬਹੁਤ-ਬਹੁਤ ਵਧਾਈ ਅਤੇ ਸ਼ੁਭ ਕਾਮਨਾਵਾਂ।

**ਨਵਦੀਪ ਮਹਾਜਨ**
**ਲੈਕਚਰਾਰ-ਇਕਨਾਮਿਕਸ**
**ਸ.ਸ.ਸ.ਸਕੂਲ ਨਾਰੂ ਨੰਗਲ**

# ਸੰਦੇਸ਼



ਸਕੂਲ ਸਿੱਖਿਆ ਵਿਭਾਗ, ਪੰਜਾਬ ਦੇ ਯਤਨਾਂ ਸਦਕਾ ਮਿਤੀ 14-11-2022 ਨੂੰ ਪੰਜਾਬ ਰਾਜ ਦੇ ਸਮੁੱਚੇ ਸਕੂਲਾਂ ਵਿੱਚ ਸਕੂਲ ਮੈਗਜ਼ੀਨ ਜ਼ਾਰੀ ਕੀਤਾ ਜਾ ਰਿਹਾ ਹੈ ਸਿੱਖਿਆ ਵਿਭਾਗ ਪੰਜਾਬ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਸਿੱਖਿਆ ਦਾ ਉਦੇਸ਼ ਕੇਵਲ ਵਿਦਿਆਰਥੀ ਨੂੰ ਕਿਤਾਬੀ ਗਿਆਨ ਦੇਣਾ ਹੀ ਨਹੀਂ ਸਗੋਂ ਉਸ ਵਿੱਚ ਛੁਪੀਆਂ ਹੋਈਆਂ ਕਲਾਤਮਕ, ਰਚਨਾਤਮਕ ਅਤੇ ਸਾਹਿਤਕ ਰੁਚੀਆ ਨੂੰ ਪ੍ਰਫੁੱਲਿਤ ਕਰਕੇ ਵਿਦਿਆਰਥੀ ਦਾ ਸਰਵਪੱਖੀ ਵਿਕਾਸ ਕਰਨਾ ਵੀ ਹੈ। ਇਸ ਸ਼ੁੱਭ ਮੌਕੇ ਤੇ ਮੈਂ ਸਮੁੱਚੀ ਸਕੂਲ ਮੈਗਜ਼ੀਨ ਟੀਮ ਅਤੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੰਦਾ ਹਾਂ।

**ਬਲਵਿੰਦਰ ਸਿੰਘ**
**ਲੈਕਚਰਾਰ-ਪੰਜਾਬੀ**
**ਸ.ਸ.ਸ.ਸਕੂਲ ਨਾਰੂ ਨੰਗਲ**

# "ਵੋਕੇਸ਼ਨਲ ਸਿੱਖਿਆ "
# (ਆਟੋਮੋਬਾਇਲ਼ )



17ਵੀਂ ਸਦੀ ਤੋਂ ਹੀ ਚਲਦੀ ਫਿਰਦੀ ਗੱਡੀ ਬਣਾਉਣ ਲਈ ਮਾਹਰ ਇੰਜੀਨੀਅਰਾਂ ਨੇ ਪ੍ਰਯੋਗ ਸ਼ੁਰੂ ਕਰ ਦਿੱਤੇ ਸਨ। ਜਿਸ ਦੇ ਸਿੱਟੇ ਵਜੋਂ 19ਵੀਂ ਸਦੀ ਵਿੱਚ ਟਰੈਕਟਰ, ਬੱਸ, ਟਰੱਕ, ਕਾਰਾਂ ਆਦਿ ਬਣਨੇ ਸ਼ੁਰੂ ਹੋ ਗਏ ਸਨ। ਅੱਜ ਦੇ ਸਮੇਂ ਵਿਚ ਆਟੋਮੋਬਾਈਲ਼ ਇੰਡਸਟਰੀ ਪਹਿਲੇ ਸਥਾਨ ਤੇ ਚਲ ਰਹੀ ਹੈ ਜਿਸ ਵਿਚ ਤਜਰਬੇਕਾਰ ਇੰਜੀਨੀਅਰ ਅਤੇ ਟੈਕਨੀਸ਼ੀਅਨ ਦੀ ਬਹੁਤ ਕਮੀ ਪਾਈ ਜਾ ਰਹੀ ਹੈ ਇਸ ਕਰਕੇ ਆਉਣ ਵਾਲੇ ਸਮੇਂ ਵਿਚ ਪੂਰੇ ਸੰਸਾਰ ਵਿੱਚ ਆਟੋਮੋਬਾਈਲ ਇੰਜੀਨੀਅਰ ਅਤੇ ਟੈਕਨੀਸ਼ੀਅਨ ਦੀ ਕਮੀ ਪੂਰੀ ਨਹੀਂ ਹੋਵੇਗੀ ਜਿਸ ਦੇ ਉਪਰਾਲੇ ਵਜੋਂ ਭਾਰਤ ਸਰਕਾਰ ਨੇ 10+1 ਅਤੇ 10+2 ਕਲਾਸਾਂ ਵਿੱਚ ਵੋਕੇਸ਼ਨਲ ਆਟੋਮੋਬਾਇਲ ਟਰੇਡ ਦੀ ਸ਼ੁਰੂਆਤ ਕੀਤੀ ਹੈ ਜਿਸ ਦੀ ਯੋਗਤਾ ਆਈ ਟੀ ਆਈ ਦੇ ਬਰਾਬਰ ਹੈ।

## 10+2 ਵੋਕੇਸ਼ਨਲ ਪਾਸ ਕਰਨ ਤੋਂ ਬਾਅਦ ਭਵਿੱਖ ਵਿੱਚ ਫਾਇਦੇ।

1. ਸਰਕਾਰੀ ਵਰਕਸ਼ਾਪਾਂ ਵਿੱਚ ਅਪ੍ਰੈਂਟਿਸਸ਼ਿਪ।
2. ਪੰਜਾਬ ਰੋਡਵੇਜ਼ ਵਿੱਚ ਨੌਕਰੀ।
3. ਰੇਲਵੇ ਵਿਚ ਮਕੈਨਿਕ।
4. ਵਰਕਸ਼ਾਪ ਦਾ ਮਾਲਕ।
5. ਸਪੇਅਰ ਪਾਰਟਸ ਦਾ ਦੁਕਾਨਦਾਰ।
6. ਸਪੇਅਰ ਪਾਰਟਸ ਸੇਲਜ਼ਮੈਨ।
7. ਗੱਡੀ ਬੀਮਾ ਏਜੰਟ।
8. ਵਰਕਸ-ਮੈਨੇਜਰ ਅਤੇ ਸੁਪਰਵਾਈਜਰ।
9. ਜਰਨਲ ਮਕੈਨਿਕ ਅਤੇ ਟੈਕਨੀਸ਼ੀਅਨ।
10. ਵਾਹਨ ਦਾ ਡੀਲਰ



ਪਲਵਿੰਦਰ ਸਿੰਘ
ਵੋਕੇਸ਼ਨਲ ਮਾਸਟਰ



# "ਕੰਪਿਊਟਰ ਦੀ ਸਚਾਈ"



ਮੈਂ ਹਾਂ ਕੰਪਿਊਟਰ, ਮੈਂ ਹਾਂ ਕੰਪਿਊਟਰ
ਕਰਦੇ ਸਾਰੇ ਮੇਰੀ ਵਰਤੋਂ
ਪਰ ਪੁੱਛਦੇ ਨੀ ਮੇਰਾ ਹਾਲ
ਚਾਹੁੰਦੇ ਕੰਮ ਨੂੰ ਫਟਾ-ਫਟ ਕਰਨਾ
ਕਰਦੇ ਨੇ ਮੇਰਾ ਬੜਾ ਬੁਰਾ ਹਾਲ
ਨਿੱਕੀ ਜਿਹੀ ਮਸ਼ੀਨ ਹਾਂ ਮੈਂ
ਬਣਿਆਂ ਸੁਪਰ ਕੰਪਿਊਟਰ ਮੇਰੇ ਤੋਂ ਬੜੇ ਸਾਲਾ ਬਾਅਦ
ਪਰ ਅੱਜ ਕੱਲ ਮੇਰੀ ਹੁੰਦੀ ਦੁਰਵਰਤੋਂ
ਜਿਸ ਨਾਲ ਹੋ ਰਿਹਾ ਹੈ ਸਾਇਬਰ ਕਰਾਇਮ ਦਾ ਪਸਾਰ
ਹੋ ਜਾਵੋ ਤੁਸੀਂ ਸਮਝਦਾਰ ਅਤੇ ਡਿਜੀਟਲ
ਤਾਂ ਕੋਈ ਨਾ ਤੁਹਾਡਾ ਕਰੇ ਇਸ ਤਰ੍ਹਾਂ ਬੁਰਾ ਹਾਲ
ਕੀ ਤੁਸੀਂ ਹੋ ਜਾਵੋ ਜੇਬ ਤੋਂ ਕੰਗਾਲ
ਆਓ, ਕਰੀਏ ਕੰਪਿਊਟਰ ਦੀ ਸਹੀਂ ਵਰਤੋਂ
ਕਰੀਏ ਕਲਿੱਕ ਨਾ ਕਿਸੇ ਅਣਜਾਣ ਲਿੰਕ 'ਤੇ
ਕਰੀਏ ਨਾ ਸ਼ੇਅਰ ਕੋਈਂ ਓ.ਟੀ.ਪੀ., ਪਾਸਵਰਡ
ਅਤੇ ਨਾਂ ਹੀ ਕੋਈ ਪਿੰਨ
ਸਾਇਬਰ ਸਕਿਊਰਿਟੀ ਦੇ ਤਰੀਕਿਆਂ ਨੂੰ ਸਿੱਖ ਕੇ
ਕਰੀਏ ਸਹੀ ਢੰਗ ਨਾਲ ਕੰਪਿਊਟਰ ਦਾ ਇਸਤੇਮਾਲ

**ਜਸਪਾਲ ਸਿੰਘ**
**ਕੰਪਿਊਟਰ ਫੈਕਲਟੀ**

# "ਅਧਿਆਪਕ"



ਹੱਡ ਤੋੜਵੀਂ ਮਿਹਨਤ ਕਰਕੇ,
ਬਣਦਾ ਹੈ ਇੱਕ ਅਧਿਆਪਕ
ਛੋਟੇ-ਛੋਟੇ ਬਾਲ ਮਨਾਂ ਨੂੰ ਸਿੱਧੇ ਰਾਹੇ,
ਪਾਉਂਦਾ ਹੈ ਇੱਕ ਅਧਿਆਪਕ
ਖੁਦ ਬਲ ਕੇ ਦੀਵੇ ਵਾਗੂੰ ਕਿੰਨੇ ਦੀਵੇ,
ਰੁਸ਼ਨਾਉਂਦਾ ਹੈ ਇੱਕ ਅਧਿਆਪਕ
ਮਾਲੀ ਵਾਂਗ ਸੰਬਾਲ ਕਰਕੇ ਕਿੰਨੇ ਫੱਲ,
ਖਿੰਡਾਉਂਦਾ ਹੈ ਇੱਕ ਅਧਿਆਪਕ
ਦੇਸ਼ ਲਈ ਕਿਵੇਂ ਕੁਰਬਾਨੀ ਦੇਣੀ,
ਸਿਖਾਉਂਦਾ ਹੈ ਇੱਕ ਅਧਿਆਪਕ
ਜਾਤ ਧਰਮ ਤੋਂ ਉੱਪਰ ਉੱਠ ਕੇ ਸੋਚਣਾ,
ਸਿਖਾਉਂਦਾ ਹੈ ਇੱਕ ਅਧਿਆਪਕ
ਇੱਕ ਸੱਚੇ ਮਲਾਹ ਵਾਂਗ ਬੇੜਾ ਪਾਰ,
ਲੰਘਾਉਂਦਾ ਹੈ ਇੱਕ ਅਧਿਆਪਕ

ਰਣਜੀਤ ਕੁਮਾਰ
ਕੰਪਿਊਟਰ ਫੈਕਲਟੀ

# "Divisibility Rule Poetry"





Every good student who goes to school

Needs to know every divisibility rule..........

If it's a whole number

you're done, It's divisible by one

If it's even, it's true It's divisible by two

Add the digits to see If it's divisible by three

Divide the last two digits by four

And you'll get four for sure

If it ends with five or zero, It makes five a hero

If you got two and three You get six for free!

Add the digits, that's fine To check on the nine

A zero at the end And we'll feel good about ten

Memorize each and every single rule

And you'll feel even better about coming to school

**Pankaj Mankotia**
**Math Master**

# "Life is like mathematics"



Add on friends
Subtract sorrow
Multiply memories
Divide your duties
Square on happiness
Eliminate ego
Finally,

A perfect and wonderful solution.




**Umesh Gupta**
**(Math Master)**

# "How to multiply quickly?"



We can split the numbers and then multiply them.

For example, multiply 81 and 24.

Splitting the number 81 = 80 + 1

The given multiplication can be written as

$$(80 + 1) \times 24 = (80 \times 24) + (24 \times 1)$$

Now, $24 \times 80 = 1920$ and $24 \times 1 = 24$

Add both the numbers $1920 + 24 = 1944$

$\therefore 81 \times 24 = 1944$

**Monika Kalia**
**Math Mistress**

## “ਸਰੀਰਿਕ ਵਾਧੇ ਜਾਂ ਵਿਕਾਸ ਲਈ ਚੰਗੀ ਖੁਰਾਕ ਜਰੂਰੀ”



ਚੜ੍ਹਦੀ ਜਵਾਨੀ ਮਨੁੱਖੀ ਜੀਵਨ ਦੀ ਐਸੀ ਅਵਸਥਾ ਹੁੰਦੀ ਹੈ ਜਦ ਵਿਅਕਤੀ ਦਾ ਸਰੀਰ ਅਤੇ ਮਾਨਸਿਕ ਵਿਕਾਸ ਬੜੀ ਤੇਜ਼ੀ ਨਾਲ ਹੁੰਦਾ ਹੈ। 10-19 ਸਾਲਾਂ ਤੱਕ ਦੀ ਉਮਰ ਕਿਸ਼ੋਰ ਅਵਸਥਾ ਕਹੀ ਜਾਂਦੀ ਹੈ। ਇਸ ਅਵਸਥਾ ਦੌਰਾਨ ਬੱਚਿਆਂ ਦੇ ਸਰੀਰ ਵਿੱਚ ਕਈ ਤਰ੍ਹਾਂ ਦੇ ਪਰਿਵਰਤਨ ਹੁੰਦੇ ਹਨ। ਮਾਪਿਆਂ ਦਾ ਫਰਜ਼ ਹੈ ਕਿ ਉਹ ਇਸ ਅਵਸਥਾ ਦੌਰਾਨ ਆਪਣੀ ਸੰਤਾਨ ਦਾ ਵਿਸ਼ੇਸ਼ ਧਿਆਨ ਰੱਖਣ। ਉਹਨਾਂ ਦੇ ਸਰੀਰਿਕ ਅਤੇ ਮਾਨਸਿਕ ਵਿਕਾਸ ਨੂੰ ਮੁੱਖ ਰੱਖਦੇ ਹੋਏ ਆਪਣੇ ਬੱਚਿਆਂ ਨੂੰ ਚੰਗੀ ਤੇ ਪੋਸ਼ਟਿਕ ਖੁਰਾਕ ਖਾਣ ਲਈ ਉਪਲਬਧ ਕਰਵਾਉਣ।

ਸਰਦੀਆਂ ਦੀ ਰੁੱਤ ਸਿਹਤ ਲਈ ਫਾਇਦੇਮੰਦ ਹੁੰਦੀ ਹੈ ਇਸ ਲਈ ਇਸ ਰੁੱਤ ‘ਚ ਉਹਨਾਂ ਦੀ ਖੁਰਾਕ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।ਰਾਤ ਨੂੰ ਪਾਣੀ ਵਿੱਚ ਮੂੰਗ, ਚਨਾ ਤੇ ਕਣਕ ਭਿਉਂ ਕੇ ਰੱਖੋ ਤੇ ਸਵੇਰੇ ਨਾਸ਼ਤੇ ਵਿੱਚ ਖਾਣ ਲਈ ਦੇਵੋ।ਸਵਾਦ ਲਈ ਉਸ ਵਿੱਚ ਕੱਟਿਆਂ ਹੋਇਆ ਪਿਆਜ਼, ਕਾਲੀ ਮਿਰਚ, ਨਮਕ ਅਤੇ ਨਿੰਬੂ ਨਿਚੋੜ ਕੇ ਵੀ ਦਿੱਤਾ ਜਾ ਸਕਦਾ ਹੈ। ਇਹ ਭੋਜਨ ਸਸਤਾ, ਲਾਭਕਾਰੀ ਅਤੇ ਗੁਣਕਾਰੀ ਵੀ ਹੈ।

ਅੱਜ ਕੱਲ਼ ਬੱਚੇ ਘਰ ਦੀ ਬਣੀ ਦਾਲ਼-ਰੋਟੀ-ਸਬਜ਼ੀ ਖਾਣ ਦੀ ਬਜਾਏ ਨਿਊਡਲ, ਬਰਗਰ, ਮਨਚੂਰੀਅਨ ਆਦਿ ਭੋਜਨ ਖਾਣਾ ਪਸੰਦ ਕਰਦੇ ਹਨ।ਜੋ ਕਿ ਸਿਹਤ ਲਈ ਬਹੁਤ ਹਾਨੀਕਾਰਕ ਹੈ ਜੇਕਰ ਬੱਚੇ ਨਾਸ਼ਤੇ ਵਿੱਚ ਬ੍ਰੈਡ ਖਾਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਮਲਾਈ ਲਾ ਕੇ ਅਤੇ ਚਾਹ ਦੀ ਥਾਂ ਤੇ ਦੁੱਧ ਪੀਣ ਲਈ ਦੇਣਾ ਬਹੁਤ ਗੁਣਕਾਰੀ ਹੈ। ਦੋਨੋ੍ਹ ਵੇਲੇ ਪੋਸ਼ਟਿਕ ਭੋਜਨ ਦੇਣਾ ਬੱਚਿਆਂ ਲਈ ਇਸ ਹਾਲਤ ਵਿੱਚ ਬਹੁਤ ਜ਼ਰੂਰੀ ਹੈ। ਬੱਚਿਆਂ ਨੂੰ ਬਾਜ਼ਾਰ ਵਿੱਚ ਉਪਲਬਧ ਟਮਾਟਰ, ਪਿਆਜ਼, ਮੂਲੀ, ਗਾਜ਼ਰ,ਚਕੰਦਰ ਆਦਿ ਕੱਚੀਆਂ ਸਬਜ਼ੀਆਂ ਕੱਟ ਕੇ ਉੱਪਰ ਸੇਧਾਂ ਨਮਕ ਅਤੇ ਨਿੰਬੂ ਨਿਚੋੜ ਕੇ ਖਾਣ ਲਈ ਦਿਉ।ਸਲਾਦ ਵਿੱਚ ਕਾਲੀ ਮਿਰਚ ਵੀ ਪਾ ਸਕਦੇ ਹੋ।

ਭੋਜਨ ਵਿੱਚ ਦਾਲ, ਹਰੀਆਂ ਸਬਜ਼ੀਆਂ ਵੀ ਜਿਆਦਾ ਖਾਣ ਨੂੰ ਦਿਓ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਪੀਣ ਲਈ ਕੋਸਾ ਦੁੱਧ ਜ਼ਰੂਰ ਦਿਉ।

ਇਸ ਤੋਂ ਇਲਾਵਾ ਜੇਕਰ ਘਰ ਦੇ ਆਲੇ ਦੁਆਲ਼ੇ ਖੇਡਣ ਦਾ ਮੈਦਾਨ ਹੈ ਤਾਂ ਆਪਣੇ ਬੱਚਿਆਂ ਨੂੰ ਸੈਰ ਕਰਨ ਜਾਂ ਖੇਡਣ ਦੀ ਆਦਤ ਜ਼ਰੂਰ ਪਾਓ। 10-11 ਸਾਲ ਦੀ ਉਮਰਾਂ ਵੱਚ ਉਨ੍ਹਾਂ ਨੂੰ ਹਲਕਾ ਯੋਗ ਆਸਣ ਕਰਵਾਉਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਜੇਕਰ ਬਚਪਨ ਵਿੱਚ ਯੋਗ ਆਸਣ ਦੀ ਆਦਤ ਬਣ ਜਾਵੇ ਤਾਂ ਇਹ ਆਦਤ ਜ਼ਿੰਦਗੀ ਭਰ ਬਣੀ ਰਹਿਣ ਦੀ ਸੰਭਾਵਨਾ ਰਹਿੰਦੀ ਹੈ। ਯੋਗ ਆਸਣ ਦੇ ਲਾਭ ਤਾਂ ਸਵੇਰ ਵੇਲੇ ਹੀ ਹੁੰਦਾ ਹੈ। ਜਦੋਂ ਵਾਤਾਵਰਨ ਸ਼ੁੱਧ ਹਵਾ ਯੁਕਤ ਤੇ ਸ਼ਾਂਤ ਹੁੰਦਾ ਹੈ ਤੇ ਮਨ ਵੀ ਪ੍ਰਸੰਨ ਰਹਿੰਦਾ ਹੈ ਬੱਚਿਆਂ ਨੂੰ ਨਹਾਉਣ ਤੋਂ 45 ਮਿੰਟ ਪਹਿਲਾਂ ਜਾਂ ਇਸ਼ਨਾਨ ਤੋਂ ਬਾਅਦ ਯੋਗ ਆਸਣ ਕਰਵਾਉ ਤੇ ਫੇਰ ਕੋਸੇ ਪਾਣੀ ਨਾਲ ਇਸ਼ਨਾਨ ਕਰਵਾਉ।

ਵਿਸ਼ੇਸ਼ ਕਰਕੇ ਕਿਸ਼ੋਰ ਅਵਸਥਾ ਵਿੱਚ ਲੜਕੇ ਲੜਕੀਆਂ ਸਕੂਲ ਕਾਲਜ ਵਿੱਚ ਵੀ ਆਪਣੇ ਸਹਿਪਾਠੀਆਂ ਨਾਲ ਪੜ੍ਹਾਈ ਦੀਆਂ ਗੱਲਾਂ ਘੱਟ ਅਤੇ ਟੀ.ਵੀ. ਪ੍ਰੋਗਰਾਮਾਂ ਜਾਂ ਫਿਰ ਮੋਬਾਇਲ ਗੇਮਾਂ ਤੇ ਚੈਟਿੰਗ ਬਾਰੇ ਵਧੇਰੇ ਪੜਚੋਲ ਕਰਦੇ ਹਨ। ਜਿਸ ਨਾਲ ਉਨ੍ਹਾਂ ਦਾ ਧਿਆਨ ਪੜਾਈ ਵੱਲੋ ਭਟਕ ਕੇ ਨਕਾਰਾਤਮਕ ਕੰਮਾਂ ਵੱਲ ਹੋ ਜਾਂਦਾ ਹੈ।ਇਸ ਲਈ ਮਾਪਿਆਂ ਨੂੰ ਇਸ ਪ੍ਰਤੀ ਹਰ ਵੇਲੇ ਸੁਚੇਤ ਰਹਿਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਨੂੰ ਕੁਰਾਹੇ ਪੈਣ ਤੋਂ ਰੋਕਿਆ ਜਾ ਸਕੇ।

**ਅਨਿਲ ਕੁਮਾਰ**
**(ਸਾਇੰਸ ਮਾਸਟਰ)**

# "Best Medicinal Plants And Their Uses"



## ➢ Aloe vera



In Ayurveda, aloe vera is known as the 'King of medicinal plants.' It holds water in its fleshy leaves which is why it can sustain in extremely dry conditions as well. So, growing aloe vera in your garden will not require you to take extra care of the plant every now and then. However, it surely can treat a wide variety of health problems. These include:

- Constipation
- Digestive distress
- Acne
- Poor body immunity

## ➢ Tulsi



The next in line is Tulsi or the Queen of medicinal plants. This plant holds immense significance in the Hindu religion. But it has so much more to itself than just religious significance. The strong aroma of Tulsi is good enough to keep bacterial growth at bay. It is known for its healing properties, and all it requires for growth is water. Here's a list of the uses and healing properties of Tulsi:

It gives you strength to fight stress

- Promotes a longer life
- Treats cough
- Treats indigestion
- Anti-cancer

## ➢ Mint



This freshly fragrant medicinal plant serves a wide variety of purposes. From enhancing your mood to treating indigestion, mint can do it all. This plant requires a lot of water to grow. So you must sow its seeds and keep watering it. The best part about mint is its ability to repel pest and insects so your home will be a clean environment. Take a look at the uses of this medicinal plant:

Keeps the digestive system running

- Boosts immunity
- Enhances mood
- Expels cough from the body
- Benefits respiratory health
- Keeps mosquitoes away

**Rupinder kaur**
**Science mistress**

# N.S.Q.F
# (ਨੈਸ਼ਨਲ ਸਕਿੱਲ ਕੁਆਲੀਫਿਕੇਸ਼ਨ ਫਰੇਮ ਵਰਕ )



## (FUTURE READY)

ਅੱਜ ਦੇ ਯੁੱਗ ਨੂੰ IT ਯੁੱਗ ਕਿਹਾ ਜਾਂਦਾ ਹੈ ਅਤੇ ਅੱਜਕਲ ਇਸਦਾ ਨਾਮ ਡਿਜ਼ੀਟਲ ਯੁੱਗ ਵੀ ਹੈ। ਡਿਜ਼ੀਟਲ ਯੁੱਗ ਜਾਂ IT ਯੁੱਗ ਤੋਂ ਭਾਵ ਪੂਰੇ ਸੰਸਾਰ ਨੂੰ ਇੱਕ ਨੈੱਟਵਰਕ ਨਾਲ਼ ਜੋੜਨਾ ਜਿਸਦੇ ਜਰੀਏ ਅਸੀਂ ਘਰ ਬੈਠੇ ਹੀ ਪੂਰੇ ਸੰਸਾਰ ਦੀ ਸੈਰ ਕਰ ਸਕਦੇ ਹਾਂ। ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਕਿਸੇ ਨਾਲ਼ ਵੀ ਗੱਲਬਾਤ ਵੀ ਕਰ ਸਕਦੇ ਹਾਂ,ਸੰਦੇਸ਼ ਭੇਜ ਸਕਦੇ ਹਾਂ। ਜਿੱਥੇ ਇਸ ਨਾਲ਼ ਪੈਸੇ ਦੀ ਬੱਚਤ ਹੁੰਦੀ ਹੈ ਉੱਥੇ ਬਹੁਤ ਸਾਰਾ ਸਮਾਂ ਵੀ ਬਚਦਾ ਹੈ।

ਕਿਸੇ ਦੇਸ਼ ਦੀ ਤਰੱਕੀ ਵਿੱਚ IT ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ।ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਡੇ ਦੇਸ਼ ਦੀ ਸਰਕਾਰ ਨੇ ਸਕੂਲਾਂ ਵਿੱਚ ਨਵਾਂ ਪ੍ਰੋਜੈਕਟ ` ਨੈਸ਼ਨਲ ਸਕਿੱਲ ਕੁਆਲੀਫਿਕੇਸ਼ਨ ਫਰੇਮ ਵਰਕ ' (N.S.Q.F) ਸ਼ੁਰੂ ਕੀਤਾ ਹੈ।

N.S.Q.F ਨੂੰ ਇੱਕ ਪਾਇਲਟ ਪ੍ਰੋਜੈਕਟ ਦੇ ਤੌਰ 'ਤੇ ਕੇਂਦਰ ਸਰਕਾਰ ਵਲੋਂ `ਸਮੱਗਰਾ ਸਿੱਖਿਆ ਅਭਿਆਨ' ਤਹਿਤ ਭਾਰਤ ਦੇ ਸਾਰੇ ਰਾਜਾਂ ਦੇ ਕੁੱਝ ਸਰਕਾਰੀ ਸਕੂਲਾਂ ਵਿੱਚ ਚਲਾਇਆ ਗਿਆ ਹੈ।ਇਸ ਪ੍ਰੋਜੈਕਟ ਵਿੱਚ ਸਰਕਾਰ ਵਲੋਂ ਉਨ੍ਹਾਂ ਟਰੇਡਜ਼ ਨੂੰ ਸ਼ਾਮਿਲ ਕੀਤਾ ਗਿਆ ਹੈ,ਜਿਨ੍ਹਾਂ ਦੀ ਲੋੜ ਕਿਸੇ ਦੇਸ਼ ਦੀ ਤਰੱਕੀ ਲਈ ਹੁੰਦੀ ਹੈ ਜਿਵੇਂ :- IT, Security, Beauty and wellness, Automobile, Health Care, Agriculture, Logistic etc.

N.S.Q.F ਪ੍ਰੋਜੈਕਟ ਦਾ ਮਕਸਦ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਆਉਣ ਵਾਲ਼ੇ ਸਮੇਂ ਲਈ ਤਿਆਰ ਕਰਨਾ ਹੈ।ਫਿਲਹਾਲ ਇਹ ਪ੍ਰੋਜੈਕਟ ਹਰ ਇੱਕ ਰਾਜ ਦੇ ਕੁੱਝ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਹੀ ਸ਼ੁਰੂ ਕੀਤਾ ਗਿਆ ਹੈ। ਪੰਜਾਬ ਰਾਜ ਵਿੱਚ ਇਹ ਪ੍ਰੋਜੈਕਟ ਸੰਨ 2014 ਵਿੱਚ ਸ਼ੁਰੂ ਕੀਤਾ ਗਿਆ ਅਤੇ ਸੰਨ 2018 ਤੱਕ 800 ਸਕੂਲ ਅਤੇ ਹੁਣ ਤੱਕ ਇਸ ਪ੍ਰੋਜੈਕਟ ਅਧੀਨ ਹੋਰ ਕਾਫੀ ਸਕੂਲ ਸ਼ਾਮਿਲ ਕੀਤੇ ਜਾ ਰਹੇ ਹਨ। ਇਹਨਾਂ ਵਿੱਚ ਸਾਡਾ ਸਕੂਲ 'ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨਾਰੂ ਨੰਗਲ (ਹੁਸ਼ਿਆਰਪੁਰ)' ਵੀ ਸ਼ਾਮਿਲ ਕੀਤਾ ਗਿਆ।ਸਾਡੇ ਸਕੂਲ ਵਿੱਚ ਦੋ ਟਰੇਡ ਹਨ:- IT ਅਤੇ Security. ਇਸ ਪ੍ਰੋਜੈਕਟ ਤਹਿਤ ਜਮਾਤ-ਨੌਵੀਂ(Level-1) ਤੋਂ ਜਮਾਤ-ਬਾਰ੍ਹਵੀਂ (Level-4) ਤੱਕ ਪੜ੍ਹਾਇਆ ਜਾਂਦਾ ਹੈ।

N.S.Q.F ਦੇ ਅਧੀਨ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪ੍ਰੈਕਟੀਕਲ ਕਰਵਾਇਆ ਜਾਂਦਾ ਹੈ,ਜਿਸ ਨਾਲ਼ ਵਿਦਿਆਰਥੀ ਹੱਥੀਂ ਕੰਮ ਸਿੱਖਦੇ ਹਨ ਅਤੇ ਬਾਰ੍ਹਵੀਂ ਪਾਸ ਕਰਨ ਤੋਂ ਬਾਅਦ ਆਪਣਾ ਰੁਜ਼ਗਾਰ ਲੱਭ ਸਕਦੇ ਹਨ। ਵਿਦਿਆਰਥੀਆਂ ਨੂੰ ਵਧੀਆ ਢੰਗ ਨਾਲ਼ ਪ੍ਰੈਕਟੀਕਲ ਕਰਵਾਉਣ ਲਈ ਸਕੂਲਾਂ ਵਿੱਚ N.S.Q.F ਦੇ ਅਧੀਨ ਉੱਚ-ਪੱਧਰੀ ਸਮਾਨ ਨਾਲ਼ ਲੈਸ ਆਧੁਨਿਕ ਲੈਬਜ਼(Labs) ਬਣਾਈਆਂ ਗਈਆਂ ਹਨ।

ਇੱਕ ਨੌਜਵਾਨ ਪੀੜ੍ਹੀ ਹੀ ਕਿਸੇ ਦੇਸ਼ ਦੀ ਤਰੱਕੀ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਸਾਡੀ ਨੌਜਵਾਨ ਪੀੜ੍ਹੀ ਪੜ੍ਹੇਗੀ, ਸਿੱਖੇਗੀ ਅਤੇ ਤਰੱਕੀ ਦੇ ਰਾਹ 'ਤੇ ਅੱਗੇ ਵਧੇਗੀ ਤਾਂ ਹੀ ਸਾਡਾ ਦੇਸ਼ ਤਰੱਕੀ ਕਰੇਗਾ ਅਤੇ ਸਾਡੇ ਦੇਸ਼ ਦਾ ਨਾਂ ਰੌਸ਼ਨ ਹੋਵੇਗਾ।

**Prabhjot Singh**
**Vocational Trainer (IT)**

## "ਪੁਸਤਕਾਂ ਅੱਖਾਂ ਨਾਲ ਨਹੀਂ ਦਿਲ ਨਾਲ ਪੜ੍ਹੀਆਂ ਜਾਂਦੀਆਂ ਹਨ"





ਪਿਆਰੇ ਸਾਥਿਓ! ਪੜ੍ਹਨਾ, ਲਿਖਣਾ, ਸਿੱਖਣਾ ਜੀਵਨ ਦਾ ਅਹਿਮ ਹਿੱਸਾ ਹੈ। ਇਨ੍ਹਾਂ ਤੋਂ ਬਿਨਾਂ ਮਾਨਵ ਦਾ ਜੀਵਨ ਕੋਰੇ ਕਾਗਜ਼ ਦੇ ਸਾਮਾਨ ਹੈ। ਹਰ ਚੰਗੀ ਸੇਧ ਉਸ ਦੇ ਜੀਵਨ ਨੂੰ ਬਦਲ ਕੇ ਰੱਖ ਦਿੰਦੀ ਹੈ, ਚੰਗੇ ਮਾਨਵ ਹਮੇਸ਼ਾ ਸਮਾਜ ਨੂੰ ਚੰਗੇ ਰਸਤੇ ਤੇ ਲਿਜਾਣ ਦੀ ਕੋਸ਼ਿਸ਼ ਹਨ। ਚੰਗੇ ਲੇਖਕਾਂ ਦੀਆਂ ਰਚਨਾਵਾਂ ਪੜ੍ਹਨ ਨਾਲ ਮਨੁੱਖ ਦੀ ਸੋਚ ਹੈ। ਉਸਨੂੰ ਨਵੇਂ ਦੀਪਕ ਦੀ ਰੋਸ਼ਨੀ ਪ੍ਰਾਪਤ ਹੁੰਦੀ ਹੈ।

ਜਿਸ ਪ੍ਰਕਾਰ ਸਮਾਜ ਵਿੱਚ ਸ਼ਿਸ਼ਟਾਚਾਰ, ਨੈਤਿਕ ਕਦਰਾਂ-ਕੀਮਤਾਂ 'ਚ ਕਮੀ ਅਤੇ ਭ੍ਰਿਸ਼ਟਾਚਾਰ, ਪੱਛਮੀ ਸੱਭਿਆਚਾਰ ਦਾ ਬੋਲਬਾਲਾ ਫੈਲਦਾ ਜਾ ਰਿਹਾ ਹੈ, ਉਸ ਕਾਰਨ ਸਕੂਲ ਅਧਿਆਪਕਾਂ, ਕਾਲਜਾਂ ਦੇ ਪ੍ਰੋਫੈਸਰਾਂ ਅਤੇ ਮਾਤਾ ਪਿਤਾ ਦਾ ਸਭ ਤੋਂ ਪਹਿਲਾਂ ਫਰਜ਼ ਬਣਦਾ ਹੈ ਕਿ ਉਹ ਕੁਰਾਹੇ ਪਈ ਨੌਜਵਾਨ ਪੀੜ੍ਹੀ ਨੂੰ ਮਹਾਨ ਲੇਖਕਾਂ ਦੀਆਂ ਪ੍ਰਸਿੱਧ ਪੁਸਤਕਾਂ ਪੜ੍ਹਨ ਵੱਲ ਪ੍ਰੇਰਿਤ ਕਰਨ।

ਅੱਜ ਸਕੂਲਾਂ ਅਤੇ ਕਾਲਜਾਂ ਦੀਆਂ ਲਾਇਬ੍ਰੇਰੀਆਂ ਵਿੱਚ ਮਹਾਨ ਲੇਖਕਾਂ ਦੀਆਂ ਕਿਤਾਬਾਂ ਦਾ ਅਥਾਹ ਭੰਡਾਰ ਮੌਜੂਦ ਹੈ।ਬਸ ਜਰੂਰਤ ਹੈ ਤੇ ਚੰਗੇ ਤੇ ਨੇਕ ਅਧਿਆਪਕਾਂ, ਪ੍ਰੋਫੈਸਰਾਂ ਦੀ, ਚੰਗੀ ਸੋਚਣ-ਸਮਝਣ ਦੀ ਸ਼ਕਤੀ ਦੀ ਜੋ ਸਕੂਲਾਂ ਵਿੱਚ ਸਿੱਖਿਆਂ ਗ੍ਰਹਿਣ ਕਰ ਰਹੀ ਨੌਜਵਾਨ ਪੀੜ੍ਹੀ ਨੂੰ ਚੰਗੀਆਂ ਕਿਤਾਬਾਂ ਨਾਲ ਜੋੜ ਕੇ ਉਨ੍ਹਾਂ ਨੂੰ ਦੇਸ਼ ਅਤੇ ਭੱਵਿਖ ਦੇ ਚੰਗੇ ਨਿਰਮਾਤਾ, ਬਣਾਉਣ ਵਿੱਚ ਯੋਗਦਾਨ ਪਾਉਣ।

ਚੰਗੇ ਸਾਹਿਤ ਤੇ ਸੱਭਿਆਚਾਰ ਤੇ ਜੀਵਨ ਅੰਦਰ ਸਾਕਾਰਾਤਮਿਕ ਸੋਚ ਰੱਖਣ ਵਾਲੀਆਂ ਕਿਤਾਬਾਂ ਵਿਦਿਆਰਥੀ ਅੱਖਾਂ ਨਾਲ ਨਹੀਂ. ਦਿਲ ਨਾਲ ਪੜ੍ਹਦੇ ਹਨ ਅਤੇ ਉਨ੍ਹਾਂ ਤੇ ਅਮਲ ਕਰਕੇ ਆਪਣਾ, ਮਾਤਾ ਪਿਤਾ ਅਤੇ ਦੇਸ਼ ਦਾ ਨਾਂਅ ਦੁਨੀਆ ਵਿੱਚ ਰੋਸ਼ਨ ਕਰਦੇ ਹਨ।ਮਹਾਨ ਲੇਖਕਾਂ ਦੀਆਂ ਮਹਾਨ ਪੁਸਤਕਾਂ ਜੇਕਰ ਆਦਮੀ ਅੱਖਾਂ ਨਾਲ ਨਹੀਂ ਦਿਲ ਨਾਲ ਪੜ੍ਹਦਾ ਹੈ ਤਾਂ ਉਹ ਚੰਗੇ ਮਾੜੇ ਦੀ ਪਹਿਚਾਣ ਕਰਕੇ ਆਮ ਤੋਂ ਖਾਸ ਬਣਕੇ ਸਮਾਜ ਵਿੱਚ ਤਾਰਿਆਂ ਵਾਂਗ ਚਮਕਦਾ ਹੈ।

**ਜਸਵੀਰ ਸਿੰਘ**
**ਲਾਇਬ੍ਰੇਰੀ ਰਿਸਟਰੋਰ**

# ਸੰਪਾਦਕੀ ਮੰਡਲ (2022-23)

**ਮੁੱਖ ਸੰਪਾਦਕ :-** ਸ਼੍ਰੀ ਸ਼ੈਲੇਂਦਰ ਠਾਕੁਰ (ਪ੍ਰਿੰਸੀਪਲ)

**ਸੰਪਾਦਕ :-**

**ਪੰਜਾਬੀ ਵਿਭਾਗ :-** ਸ਼੍ਰੀ ਬਲਵਿੰਦਰ ਸਿੰਘ (ਪੰਜਾਬੀ ਲੈਕਚਰਾਰ)
ਸ਼੍ਰੀਮਤੀ ਰੀਨਾ ਮੱਟੂ (ਪੰਜਾਬੀ ਮਿਸਟ੍ਰੈਸ)

**ਹਿੰਦੀ ਵਿਭਾਗ :-** ਸ਼੍ਰੀ ਨਵਦੀਪ ਮਹਾਜਨ (ਇਕਨਾਮਿਕਸ ਲੈਕਚਰਾਰ)
ਸ਼੍ਰੀਮਤੀ ਪੂਨਮ ਦੇਵੀ (ਹਿੰਦੀ ਮਿਸਟ੍ਰੈਸ)

**ਅੰਗਰੇਜ਼ੀ ਵਿਭਾਗ :-** ਸ਼੍ਰੀ ਵਿਨੋਦ ਕੁਮਾਰ (ਸ.ਸ. ਮਾਸਟਰ)

**ਵਿਦਿਆਰਥੀ ਸੰਪਾਦਕ :-**

**ਪੰਜਾਬੀ ਵਿਭਾਗ :-** ਪਰਮਵੀਰ ਸਿੰਘ (12ਵੀਂ)
**ਹਿੰਦੀ ਵਿਭਾਗ :-** ਸਾਹਿਲ (12ਵੀਂ)
**ਅੰਗਰੇਜ਼ੀ ਵਿਭਾਗ :-** ਗੁਰਜੀਤ ਕੁਮਾਰ (12ਵੀਂ)

**ਕੰਪੋਜਿੰਗ :-** ਸ਼੍ਰੀ ਜਸਪਾਲ ਸਿੰਘ (ਕੰਪਿਊਟਰ ਫੈਕਲਟੀ)
ਸ਼੍ਰੀ ਪੰਕਜ ਮਨਕੋਟੀਆ (ਮੈਥ ਮਾਸਟਰ)
ਸ਼੍ਰੀ ਪ੍ਰਭਜੋਤ ਸਿੰਘ (ਵੋਕੇਸ਼ਨਲ ਟ੍ਰੇਨਰ)

# ਸੰਪਾਦਕੀ



ਜੀਵਨ ਜਿਉਣਾ ਵੀ ਇੱਕ ਕਲਾ ਹੈ। ਕਲਾ, ਰੁਚੀਆਂ, ਸ਼ੋਕ, ਇੱਛਾ ਤੇ ਸੁਪਨਿਆਂ ਦੇ ਸਹਾਰੇ ਹੀ ਅਸਲ ਤੇ ਆਨੰਦਮਈ ਜੀਵਨ ਬਤੀਤ ਕੀਤਾ ਜਾ ਸਕਦਾ ਹੈ। ਇਨ੍ਹਾਂ ਸਾਰਿਆਂ ਦੀ ਪ੍ਰਾਪਤੀ ਮਨੁੱਖ ਆਤਮ ਵਿਸ਼ਵਾਸ਼, ਕਲਪਨਾ ਅਤੇ ਦ੍ਰਿੜ੍ਹ ਸੰਕਲਪ ਰਾਹੀਂ ਪ੍ਰਾਪਤ ਕਰ ਸਕਦਾ ਹੈ। ਕਲਾ ਤੇ ਰੁਚੀਆਂ ਦਾ ਵਿਕਾਸ ਹੋਣਾ ਮਨੁੱਖ ਦੇ ਵਿਕਾਸ ਲਈ ਜ਼ਰੂਰੀ ਹੈ। ਪੰਜਾਬੀ ਭਾਸ਼ਾ ਵਿੱਚ ਕਾਫ਼ੀ ਸਾਹਿਤ ਰਚਿਆ ਜਾ ਰਿਹਾ ਹੈ। ਸਾਹਿਤ ਦੇ ਸਾਰੇ ਰੂਪਾਂ ਵਿੱਚ ਹੀ ਨਵੇਂ ਸਾਹਿਤਕਾਰ ਪੈਦਾ ਹੋ ਰਹੇ ਹਨ। ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਹੀ ਸਾਡੇ ਭਵਿੱਖ ਦੇ ਸਾਹਿਤਕਾਰ ਹਨ। ਇਹਨਾਂ ਦੇ ਅੰਦਰ ਛਿਪੀ ਪ੍ਰਤਿਭਾ ਨੂੰ ਨਿਖਾਰਨ ਲਈ ਢੁੱਕਵੇਂ ਮੌਕੇ ਦੀ ਲੋੜ ਹੁੰਦੀ ਹੈ।ਅਜਿਹਾ ਮੌਕਾ ਉਹਨਾਂ ਨੂੰ ਸਾਡੇ ਸਕੂਲ ਦੀ ਮੈਗਜ਼ੀਨ "ਪੁੰਗਾਰ" ਰਾਹੀਂ ਦਿੱਤਾ ਜਾਂਦਾ ਹੈ।ਮੈਨੂੰ ਆਸ ਹੈ ਕਿ ਤੁਸੀਂ ਸਾਡੇ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਜਰੂਰ ਪਸੰਦ ਕਰੋਗੇ

**ਰੀਨਾ ਮੱਟੂ**
**ਪੰਜਾਬੀ ਮਿਸਟ੍ਰੈਸ**

# ਜੀਵਨ ਦੀ ਸਚਾਈ



ਹਰ ਥਾਂ ਰਿਸ਼ਵਤ ਖੋਰੀ ਏ,
ਘਰ ਘਰ ਹੁੰਦੀ ਚੋਰੀ ਏ।
ਰਾਜ ਛੁਪਾ ਕੇ ਰੱਖ ਸਕੇ ਨਾ,
ਔਰਤ ਦੀ ਕਮਜ਼ੋਰੀ ਏ।

ਜੋ ਵੀ ਚਾਹੇ ਲਿਖ ਲੈ ਤੂੰ,
ਦਿਲ ਦੀ ਫੱਟੀ ਕੋਰੀ ਏ।
ਦੱਬੇ ਮੁਰਦੇ ਕੌਣ ਉਜਾੜੇ,
ਇਹ ਗੱਲ ਕਿਸ ਨੇ ਤੋਰੀ ਏ।

ਮਾਰੋ ਤੁਣਕੇ ਬੇਸ਼ਕ ਤੋੜੋ,
ਹੱਥ ਤੁਸਾਂ ਦੇ ਡੋਰੀ ਏ।
ਸਭਨਾਂ ਨੂੰ ਹੀ ਮਿਲਦੀ ਨਾ,
ਇਹ ਜੋ ਮਾਂ ਦੀ ਲੋਰੀ ਏ।

**ਸਵਿਤਾ**
**ਜਮਾਤ : +2**

# ਚੰਗਾ ਵਿਦਿਆਰਥੀ

ਅੱਜ ਕੱਲ ਦਾ ਵਿਦਿਆਰਥੀ ਭਵਿੱਖ ਦਾ ਦੇਸ਼ ਨਿਰਮਾਤਾ ਹੈ ਜਾਂਦੇ ਇੱਕ ਚੰਗਾ ਵਿਦਿਆਰਥੀ ਬਾਕੀਆਂ ਲਈ ਇਕ ਆਦਰਸ਼ ਹੁੰਦਾ ਹੈ ਉਸ ਨੂੰ ਆਪਣੀਆਂ ਜਿੰਮੇਵਾਰੀਆਂ ਦਾ ਪਤਾ ਹੁੰਦਾ ਹੈ।

**ਚੰਗੇ ਵਿਦਿਆਰਥੀ ਦੇ ਗੁਣ**:

**ਪੜ੍ਹਾਈ ਵਿੱਚ ਗੰਭੀਰਤਾ** : ਚੰਗੇ ਵਿਦਿਆਰਥੀ ਦਾ ਸਭ ਤੋਂ ਪਹਿਲਾਂ ਗੁਣ ਹੁੰਦਾ ਹੈ ਕਿ ਉਹ ਆਪਣੀ ਪੜ੍ਹਾਈ ਪ੍ਰਤੀ ਸਤਰਕ ਹੁੰਦਾ ਹੈ। ਉਹ ਸਲੇਬਸ ਤੋਂ ਇਲਾਵਾ ਹੋਰ ਪੁਸਤਕਾਂ ਵੀ ਪੜਦਾ ਹੈ ।

**ਹੋਰ ਗਤੀਵਿਧੀਆਂ** :ਚੰਗਾ ਵਿਦਿਆਰਥੀ ਕਿਤਾਬੀ ਕੀੜਾ ਨਹੀਂ ਹੁੰਦਾ। ਉਹ ਪੜ੍ਹਾਈ ਤੋਂ ਇਲਾਵਾ ਹੋਰ ਗਤੀਵਿਧੀਆਂ ਅਤੇ ਖੇਡਾਂ ਵਿੱਚ ਵੀ ਭਾਗ ਲੈਂਦਾ ਹੈ।

**ਅਨੁਸ਼ਾਸਨ** :ਚੰਗਾ ਵਿਦਿਆਰਥੀ ਹਮੇਸ਼ਾ ਅਨੁਸ਼ਾਸਨ ਦੀ ਪਾਲਣਾ ਕਰਦਾ ਹੈ। ਸਕੂਲ ਘਰ ਹਰ ਥਾਂ ਤੇ ਉਹ ਅਨੁਸ਼ਾਸਨ ਨਾਲ ਵਿਚਰਦਾ ਹੈ। ਉਹ ਸਮੇਂ ਦੀ ਕਦਰ ਕਰਦਾ ਹੈ।

**ਈਮਾਨਦਾਰ** :ਚੰਗਾ ਵਿਦਿਆਰਥੀ ਇਮਾਨਦਾਰ ਹੁੰਦਾ ਹੈ ਉਹ ਹੋਰ ਕੰਮਾਂ ਤੋਂ ਇਲਾਵਾ ਰਿਸ਼ਤਿਆਂ ਵਿਚ ਵੀ ਇਮਾਨਦਾਰੀ ਦਿਖਾਉਂਦਾ ਹੈ।ਬੇਈਮਾਨੀ ਉਸ ਦੇ ਨੇੜੇ ਨਹੀਂ ਆਉਂਦੀ ਹੈ।

**ਚੰਗਾ ਇਨਸਾਨ** :ਚੰਗਾ ਵਿਦਿਆਰਥੀ ਹਮੇਸ਼ਾ ਚੰਗਾ ਇਨਸਾਨ ਬਣਨ ਦੀ ਕੋਸ਼ਿਸ਼ ਕਰਦਾ ਹੈ ਉਹ ਵੱਡਿਆਂ ਦਾ ਸਤਿਕਾਰ ਕਰਦਾ ਹੈ ਅਤੇ ਛੋਟਿਆਂ ਨੂੰ ਪਿਆਰ ਕਰਦਾ ਹੈ ਅਤੇ ਧਰਤੀ ਪ੍ਰਤੀ ਸਤਿਕਾਰ ਅਤੇ ਪਿਆਰ ਰੱਖਦਾ ਹੈ।

**ਸਾਰ ਅੰਸ਼** : ਚੰਗਾ ਵਿਦਿਆਰਥੀ ਆਪਣੇ ਸਕੂਲ ਸਮਾਜ ਦੇਸ਼ ਅਤੇ ਵਿਸ਼ਵ ਲਈ ਪੂੰਜੀ ਦੀ ਤਰ੍ਹਾਂ ਹੁੰਦਾ ਹੈ। ਸਾਨੂੰ ਸਾਰਿਆਂ ਨੂੰ ਚੰਗਾ ਵਿਦਿਆਰਥੀ ਬਣਨ ਦਾ ਯਤਨ ਕਰਨਾ ਚਾਹੀਦਾ ਹੈ।

**ਪ੍ਰੀਤੀ**
**ਜਮਾਤ : ਦੱਸਵੀਂ (ਏ)**

# ਮਾਂ ਦੀ ਮਮਤਾ

ਇੱਕ ਪਿੰਡ ਵਿੱਚ ਸੁਰਿੰਦਰ ਸਿੰਘ ਨਾਂ ਦਾ ਲੜਕਾ ਅਤੇ ਉਸ ਦੀ ਮਾਂ ਰਹਿੰਦੇ ਸਨ। ਸੁਰਿੰਦਰ ਦੀ ਮਾਂ ਉਸ ਨੂੰ ਬਹੁਤ ਪਿਆਰ ਕਰਦੀ ਸੀ, ਉਸ ਦਾ ਬਹੁਤ ਖਿਆਲ ਰਖਦੀ ਸੀ। ਸੁਰਿੰਦਰ ਦੇ ਪੈਦਾ ਹੋਣ ਤੋਂ ਕੁਝ ਸਮੇਂ ਬਾਅਦ ਹੀ ਸੁਰਿੰਦਰ ਦੇ ਪਿਤਾ ਦੀ ਮੌਤ ਹੋ ਗਈ। ਸੁਰਿੰਦਰ ਦੀ ਮਾਂ ਨੇ ਇਕੱਲੇ ਹੀ ਉਸ ਦਾ ਪਾਲਣ-ਪੋਸ਼ਣ ਕੀਤਾ ਸੀ। ਕੁਝ ਸਮੇਂ ਬਾਅਦ ਸੁਰਿੰਦਰ ਵੱਡਾ ਹੋ ਗਿਆ ਤੇ ਉਹ ਸਕੂਲ ਜਾਣ ਲੱਗ ਪਿਆ ਸੀ ਕਿਉਂਕਿ ਸੁਰਿੰਦਰ ਦੀ ਮਾਂ ਦੀ ਇੱਕ ਅੱਖ ਖਰਾਬ ਸੀ ਅਤੇ ਉਹ ਜ਼ਿਆਦਾ ਸੁੰਦਰ ਵੀ ਨਹੀਂ ਸੀ। ਇਸ ਲਈ ਸੁਰਿੰਦਰ ਦੇ ਮਿੱਤਰ ਉਸ ਦਾ ਬਹੁਤ ਮਜ਼ਾਕ ਉਡਾਉਂਦੇ ਸਨ। ਇੱਕ ਵਾਰ ਸੁਰਿੰਦਰ ਦੇ ਸਕੂਲ ਵਿੱਚ ਇਨਾਮ ਵੰਡ ਸਮਾਰੋਹ ਸੀ, ਸੁਰਿੰਦਰ ਨੇ ਆਪਣੀ ਮਾਂ ਨੂੰ ਨਹੀਂ ਦੱਸਿਆ ਕਿਉਂਕਿ ਉਹ ਨਹੀਂ ਸੀ ਚਾਹੁੰਦਾ ਕਿ ਉਸ ਦੀ ਮਾਂ ਸਕੂਲ ਆਵੇ। ਪਰ ਸੁਰਿੰਦਰ ਦੀ ਮਾਂ ਸਕੂਲ ਚਲੀ ਗਈ ਤੇ ਉਥੇ ਸੁਰਿੰਦਰ ਦੇ ਦੋਸਤਾਂ ਨੇ ਉਸ ਦਾ ਬਹੁਤ ਮਜ਼ਾਕ ਉਡਾਇਆ।

ਸੁਰਿੰਦਰ ਨੇ ਘਰ ਆ ਕੇ ਆਪਣੀ ਮਾਂ ਨੂੰ ਕਿਹਾ ਕਿ ਉਹ ਸਕੂਲ ਕਿਉਂ ਆਈ ਉਸ ਦੇ ਕਾਰਨ ਸਕੂਲ ਵਿਚ ਉਸਦੀ ਬੇਜ਼ਤੀ ਹੋ ਗਈ। ਪਰ ਉਸ ਦੀ ਮਾਂ ਕਹਿੰਦੀ ਹੈ ਕਿ ਉਹ ਉਸਨੂੰ ਬਹੁਤ ਪਿਆਰ ਕਰਦੀ ਹੈ ਅਤੇ ਉਹ ਜਰੂਰ ਆਵੇਗੀ। ਕੁਝ ਸਮੇਂ ਬਾਅਦ ਸੁਰਿੰਦਰ ਅਗਲੇਰੀ ਪੜ੍ਹਾਈ ਲਈ ਸ਼ਹਿਰ ਚਲਾ ਗਿਆ, ਉਹ ਸੋਚਦਾ ਸੀ ਕਿ ਹੁਣ ਉਸ ਦੀ ਮਾਂ ਉਸ ਦੇ ਪਿੱਛੇ ਨਹੀਂ ਆਵੇਗੀ। ਸ਼ਹਿਰ ਵਿੱਚ ਸੁਰਿੰਦਰ ਦੀ ਨੌਕਰੀ ਲੱਗ ਗਈ ਤੇ ਉਹ ਉਥੇ ਹੀ ਰਹਿਣ ਲੱਗ ਪਿਆ। ਕੁਝ ਸਮੇਂ ਬਾਅਦ ਸੁਰਿੰਦਰ ਨੇ ਸ਼ਹਿਰ ਵਿੱਚ ਹੀ ਵਿਆਹ ਕਰਾ ਲਿਆ। ਕੁਝ ਸਾਲਾਂ ਬਾਅਦ ਉਸ ਦੇ ਘਰ ਪੁੱਤਰ ਨੇ ਜਨਮ ਲਿਆ। ਸੁਰਿੰਦਰ ਦੇ ਪਿੰਡੋਂ ਕੋਈ ਬੰਦਾ ਸ਼ਹਿਰ ਗਿਆ ਤੇ ਉਸਨੇ ਪਿੰਡ ਆ ਕੇ ਸੁਰਿੰਦਰ ਦੀ ਮਾਂ ਨੂੰ ਦੱਸਿਆ ਕਿ ਉਸ ਦਾ ਵਿਆਹ ਹੋ ਗਿਆ ਹੈ ਤੇ ਉਸ ਦਾ ਚਾਰ ਸਾਲ ਦਾ ਪੁੱਤਰ ਵੀ ਹੈ।ਉਸ ਦੀ ਮਾਂ ਨੇ ਸੋਚਿਆ ਕਿ ਉਹ ਆਪਣੇ ਪੁੱਤਰ ਅਤੇ ਪੋਤੇ ਨੂੰ ਮਿਲ ਕੇ ਆਵੇ। ਇਸ ਕਰਕੇ ਉਹ ਜਦੋ ਜਹਿਦ ਕਰਦੀ ਆਪਣੇ ਪੁੱਤਰ ਨੂੰ ਮਿਲਣ ਲਈ ਸ਼ਹਿਰ ਗਈ। ਜਦੋਂ ਉਸ ਨੇ ਘਰ ਦਾ ਦਰਵਾਜ਼ਾ ਖਟਖਟਾਇਆ ਤਾਂ ਸੁਰਿੰਦਰ ਸਿੰਘ ਦੇ ਪੁੱਤਰ ਨੇ ਦਰਵਾਜ਼ਾ ਖੋਲ੍ਹਿਆ ਤੇ ਉਹ ਉਸ ਦੀ ਅੱਖ ਵੱਲ ਦੇਖ ਕੇ ਡਰ ਗਿਆ ਤੇ ਅੰਦਰ ਭੱਜ ਗਿਆ। ਅੰਦਰੋਂ ਸੁਰਿੰਦਰ ਸਿੰਘ ਬਾਹਰ ਆਇਆ ਤੇ ਆਪਣੀ ਮਾਂ ਨੂੰ ਚਾਹ ਪਾਣੀ ਪੁੱਛਣ ਦੀ ਬਜਾਏ ਕਹਿਣ ਲੱਗਾ ਕੀ," ਮਾਂ ਤੂੰ ਇੱਥੇ ਵੀ ਆ ਗਈ ਤੂੰ ਮੈਨੂੰ ਜ਼ਲੀਲ ਕਿਉਂ ਕਰਦੀ ਹੈ ਹਰ ਥਾਂ।"ਇਹ ਗੱਲ ਸੁਣ ਕੇ ਸੁਰਿੰਦਰ ਦੀ ਮਾਂ ਉਥੋਂ ਚਲੇ ਗਈ।

ਕੁਝ ਸਮੇਂ ਬਾਅਦ ਪਿੰਡ ਦੇ ਸਕੂਲ ਵਿਚ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਨੂੰ ਬੁਲਾਇਆ ਗਿਆ ਤੇ ਸੁਰਿੰਦਰ ਸਿੰਘ ਵੀ ਆਇਆ। ਸੁਰਿੰਦਰ ਨੇ ਸੋਚਿਆ ਕਿ ਉਹ ਪਿੰਡ ਆਇਆ ਹੀ ਹੈ ਤਾਂ ਆਪਣੀ ਮਾਂ ਨੂੰ ਵੀ ਮਿਲ ਜਾਂਦਾ ਹਾਂ, ਆਖਿਰ ਮਾਂ ਦੇ ਬਾਅਦ ਸਾਰੀ ਜਾਇਦਾਦ ਮੇਰੀ ਹੀ ਤਾਂ ਹੈ। ਉਹ ਜਦ ਘਰ ਪਹੁੰਚਿਆ ਤਾਂ ਘਰ ਜਿੰਦਾ ਲੱਗਾ ਹੋਇਆ ਸੀ ਤੇ ਉਸ ਦੇ ਇਕ ਗੁਆਂਢੀ ਨੇ ਦੱਸਿਆ ਕਿ ਅੱਜ ਪੱਚੀ ਦਿਨ ਹੋ ਗਏ ਨੇ ਤੇਰੀ ਮਾਂ ਨੂੰ ਮਰੇ ਹੋਏ, ਅਸੀਂ ਉਸ ਦਾ ਅੰਤਿਮ ਸੰਸਕਾਰ ਵੀ ਕਰ ਦਿੱਤਾ ਹੈ। ਤੇਰੀ ਮਾਂ ਤੇਰੇ ਲਈ ਚਿੱਠੀ ਛੱਡ ਕੇ ਗਈ ਹੈ ਜੇ ਦੇਖਣਾ ਚਾਹੁੰਦਾ ਤਾਂ ਦੇਖ ਸਕਦਾ ਹੈ ਤਾਂ ਸੁਰਿੰਦਰ ਸਿੰਘ ਨੇ ਚਿੱਠੀ ਫੜ ਲਈ।ਚਿੱਠੀ ਵਿੱਚ ਲਿਖਿਆ ਸੀ ਕਿ,"ਸੁਰਿੰਦਰ ਪੁੱਤਰ ਮੈਂ ਤੈਨੂੰ ਬਹੁਤ ਪਿਆਰ ਕਰਦੀ ਹਾਂ, ਮੇਰੇ ਬਾਅਦ ਸਾਰੀ ਜਾਇਦਾਦ ਤੇਰੀ ਹੀ ਹੈ। ਤੂੰ ਮੈਨੂੰ ਹਮੇਸ਼ਾ ਕਹਿੰਦਾ ਕਿ ਮੇਰੀ ਅੱਖ ਖਰਾਬ ਤੇ ਉਸ ਕਾਰਨ ਤੇਰੀ ਬੇਜ਼ਤੀ ਹੁੰਦੀ ਹੈ ਪਰ ਤੂੰ ਕਦੇ ਇਹ ਨਹੀਂ ਪੁੱਛਿਆ ਕਿ ਮੇਰੀ ਇੱਕ ਅੱਖ ਨੂੰ ਕੀ ਹੋਇਆ? ਇਹ ਕਿਵੇਂ ਖਰਾਬ ਹੋਈ? ਬਚਪਨ ਵਿੱਚ ਤੂੰ ਖੇਡ ਰਿਹਾ ਸੀ ਤੇ ਖੇਡਦੇ ਹੋਏ ਤੂੰ ਆਪਣੀ ਅੱਖ ਵਿੱਚ ਸਿਲਾਈ ਮਾਰ ਲਈ ਸੀ, ਜਦ ਮੈਂ ਤੈਨੂੰ ਡਾਕਟਰ ਕੋਲ ਲੈ ਕੇ ਗਈ ਤਾਂ ਡਾਕਟਰ ਨੇ ਕਿਹਾ ਕਿ ਤੇਰੀ ਇੱਕ ਅੱਖ ਖਰਾਬ ਹੋ ਗਈ ਹੈ ਇਹ ਤਾਂ ਹੀ ਠੀਕ ਹੋ ਸਕਦੀ ਹੈ ਕੋਈ ਹੋਰ ਤੈਨੂੰ ਇਕ ਅੱਖ ਦਾਨ ਕਰ ਦੇਵੇ। ਮੈਂ ਡਾਕਟਰ ਨੂੰ ਕਿਹਾ ਕਿ ਤੁਸੀਂ ਮੇਰੀ ਅੱਖ ਕੱਢ ਕੇ ਮੇਰੇ ਪੁੱਤ ਨੂੰ ਦੇ ਦਿਓ ਤੇ ਉਸ ਦੇ ਅੱਖਾਂ ਦੀ ਰੌਸ਼ਨੀ ਵਾਪਸ ਆ ਜਾਵੇ ਅਤੇ ਉਹ ਦੁਨੀਆਂ ਦੇ ਹਰ ਰੰਗ ਨੂੰ ਦੇਖ ਸਕੇ।ਮਾਂ ਦੀ ਚਿਠੀ ਪੜ੍ਹ ਕੇ ਸੁਰਿੰਦਰ ਸਿੰਘ ਦੇ ਅੱਖਾਂ ਵਿੱਚ ਪਾਣੀ ਆ ਗਿਆ।

**ਰੇਣੁਕਾ**
**ਜਮਾਤ : +2 (ਕਾਮਰਸ)**

# ਮਾਤ-ਭਾਸ਼ਾ ਦੀ ਮਹਾਨਤਾ

ਭਾਸ਼ਾ ਸੰਚਾਰ ਦਾ ਇੱਕ ਅਜਿਹਾ ਸਾਧਨ ਹੈ, ਜਿਸ ਰਾਹੀਂ ਮਨੁੱਖ ਆਪਣੇ ਮਨ ਦੇ ਹਾਵ-ਭਾਵ ਦੂਜਿਆ ਸਾਹਮਣੇ ਪ੍ਰਗਟ ਕਰਦਾ ਹੈ। ਭਾਸ਼ਾ ਕੌਮ ਦਾ ਵਿਰਸਾ ਹੁੰਦੀ ਹੈ ਹਰ ਇਲਾਕੇ ਵਿਚ ਇਕ ਖ਼ਾਸ ਭਾਸ਼ਾ ਬੋਲੀ ਜਾਂਦੀ ਹੈ, ਜੋ ਉਸ ਦੇਸ਼ ਦੀ ਮਾਤ ਭਾਸ਼ਾ ਅਖਵਾਉਂਦੀ ਹੈ । ਮਾਤ ਭਾਸ਼ਾ ਰਾਹੀਂ ਹੀ ਅਸੀਂ ਆਪਣੇ ਮਨ ਦੇ ਹਾਵ-ਭਾਵ ਤੇ ਵਲਵਲਿਆਂ ਨੂੰ ਸਹੀ , ਸਖਤ ਅਤੇ ਸਾਰਥਕ ਢੰਗ ਨਾਲ ਪਰਗਟ ਕਰ ਸਕਦੇ ਹਾਂ । ਪੰਜਾਬ ਦੀ ਮਾਤ ਭਾਸ਼ਾ ਪੰਜਾਬੀ ਹੈ ਜੋ ਕਿ ਮਿੱਠੀ ਤੇ ਪਿਆਰੀ ਬੋਲੀ ਹੈ। ਇਸ ਦੇ ਜਰੀਏ ਕਿ ਕਈ ਨਾਮਵਰ ਸਾਹਿਤਕਾਰਾਂ ਨੇ ਆਪਣੀ ਪਛਾਣ ਬਣਾਈ ਹੈ । ਹੋਰ ਭਾਸ਼ਾਵਾਂ ਦੀ ਜਾਣਕਾਰੀ ਹੋਣਾ ਨੁਕਸਾਨਦਾਇਕ ਨਹੀਂ ਬਲਕਿ ਮਨੁੱਖ ਜਦੋ ਹੋਰ ਭਾਸ਼ਾਵਾਂ ਸਿੱਖਦਾ ਹੈ ਤਾਂ ਗਿਆਨ ਦੇ ਦਰਵਾਜੇ ਉਸ ਲਈ ਖੁੱਲ ਜਾਂਦੇ ਹਨ। ਪਰ ਹੋਰਾਂ ਭਾਸ਼ਾਵਾਂ ਦੇ ਪ੍ਰਭਾਵ ਵਿਚ ਆਪਣੀ ਮਾਤ-ਭਾਸ਼ਾ ਦੇ ਮਹੱਤਵ ਨੂੰ ਭੁੱਲ ਜਾਣਾ ਬਹੁਤ ਹੀ ਸ਼ਰਮਨਾਕ ਹੈ। ਇਸ ਲਈ ਲਾਹੇਵੰਦ ਹੈ ਕਿਉਂਕਿ ਇਸ ਨਾਲ ਵਿਸ਼ਾਲਭਾ ਆਉਂਦੀ ਹੈ। ਪਰ ਉਸ ਤੋਂ ਵੱਧ ਵਧੇਰੇ ਲੋੜ ਇਸ ਜਾਗਰੂਕਤਾ ਦੀ ਹੈ ਕਿ ਅਸੀਂ ਆਪਣੀ ਮਾਤ ਭਾਸ਼ਾ ਦੇ ਮਹੱਤਵ ਨੂੰ ਪਛਾਣੀਏ।

**ਲਵਪ੍ਰੀਤ ਕੌਰ**
**ਜਮਾਤ : +1**

# ਕਿਸਾਨ

ਧੰਨ ਤੇਰੀ ਹੈ ਕਮਾਈ, ਧਨ ਤੂੰ ਏ ਕਿਸਾਨ।
ਆਪ ਰਹਿ ਕੇ ਤੂੰ ਭੁੱਖਾ , ਭਰੇ ਸਭ ਦਾ ਖਜ਼ਾਨਾ।
ਧੰਨ ਤੇਰੀ  ਹੈਂ ਕਮਾਈ, ਧੰਨ ਤੂੰ ਹੈ ਕਿਸਾਨਾਂ।
ਸਿਰ ਉੱਤੇ ਝੱਲਦੈ ਤੂੰ, ਧੁੱਪ ਜੇਠ ਹਾੜ ਦੀਆਂ,
ਲੂੰਆ ਉਦੋਂ ਚਲਦੀਆਂ, ਜਾਣ ਪਿੰਡ ਸਾੜਦੀਆਂ।
ਅੰਨ ਜੱਗ ਨੂੰ ਤੂੰ ਦੇਣਾ, ਤੇਰਾ ਏਹੋ ਹੈ ਨਿਸ਼ਾਨਾ,
ਧੰਨ ਤੇਰੀ ਹੈ ਕਮਾਈ ਧੰਨ ਤੂੰ ਏ ਕਿਸਾਨਾ।
ਹਰੀ ਚਿੱਟੀ ਕ੍ਰਾਂਤੀ,ਤੇਰੇ ਸਦਕੇ ਹੀ ਆਈ ਹੈ,
ਵੱਖਰੀ ਹੀ ਥਾਂ ਆਪਣੀ, ਤੂੰ ਜਗ 'ਚ ਬਣਾਈ ਹੈ।
ਸਵੇਰੇ-ਸ਼ਾਮ ਆਖੇ, ਕੋਈ ਵੈਰੀ ਨਾ ਬੇਗਾਨਾ।
ਧੰਨ ਤੇਰੀ ਹੈ ਕਮਾਈ, ਧੰਨ ਤੂੰ ਏ ਕਿਸਾਨਾਂ।
ਜਦ ਤੱਕ ਖੇਤਾਂ ਵਿਚ, ਫਸਲ ਨਹੀਂ ਪੱਕਦੀ,
ਖੇਤੀ ਜੱਟੀ ਭੱਤਾ ਲੈ ਕੇ, ਜਾਂਦੀ ਨਹੀਂ ਥੱਕਦੀ।
ਫਸਲਾਂ ਤੋਂ ਵਾਰ ਦਿੰਦੀ, ਉਹ ਸਾਰੇ ਅਰਮਾਨਾ,
ਧੰਨ ਤੇਰੀ ਹੈ ਕਮਾਈ, ਧੰਨ ਤੂੰ ਏ ਕਿਸਾਨਾਂ।
ਹਰ ਸਾਲ ਰੱਬ ਕਰਦਾ ਏ, ਤੇਰੇ ਨਾਲ ਧੋਖਾ,
ਕਿਤੇ ਫ਼ਸਲ ਹੜ੍ਹਾਂ ਦੇਵੇ, ਕਿਤੇ ਪਾ ਦੇਵੇ ਸੋਕਾ।
ਹੋ  ਕੇ ਰਹਿੰਦਾ ਫਿਰ ਵੀ, ਤੂੰ ਉਸ ਦਾ ਦੀਵਾਨਾ,
ਧੰਨ ਤੇਰੀ ਹੈ ਕਮਾਈ, ਧੰਨ ਤੂੰ ਏ ਕਿਸਾਨਾਂ।

**ਸਵਿਤਾ**
**ਜਮਾਤ : +2**

# ਅਮੀਰ-ਗ਼ਰੀਬ

ਇੱਕ ਵਾਰ ਦੀ ਗੱਲ ਹੈ ਕਿ ਦੋ ਮਿੱਤਰ ਮੋਹਨ ਅਤੇ ਸੁੰਦਰ ਸੀ। ਮੋਹਨ ਬਹੁਤ ਅਮੀਰ ਸੀ। ਪਰ ਸੁੰਦਰ ਬਹੁਤ ਗਰੀਬ। ਉਸਦੇ ਪਿਤਾ ਮਾਲੀ ਸੀ, ਉਨ੍ਹਾਂ ਦੋਵਾਂ ਦੋਸਤਾਂ ਦਾ ਜਨਮ ਇੱਕ ਹੀ ਸਮੇਂ ਤੇ ਹੋਇਆ ਸੀ। ਮੋਹਨ ਆਪਣੀ ਅਮੀਰੀ 'ਤੇ ਬਹੁਤ ਘਮੰਡ ਕਰਦਾ ਸੀ। ਉਹ ਹਰ ਸਮੇਂ ਆਪਣੇ ਅਮੀਰ ਹੋਣ ਤੇ ਸੁੰਦਰ ਨੂੰ ਨੀਚਾ ਦਿਖਾਉਂਦਾ, ਹੁਣ ਦੋਵੇਂ ਦੋਸਤਾਂ ਦਾ ਜਨਮ ਦਿਨ ਨੇੜੇ ਆ ਗਿਆ। ਮੋਹਨ ਨੇ ਸੁੰਦਰ ਨੂੰ ਆਪਣੇ ਜਨਮ ਦਿਨ ਦੀ ਪਾਰਟੀ ਵਿੱਚ ਬੁਲਾਇਆ, ਮੋਹਨ ਦੇ ਪਿਤਾ ਨੇ ਬਹੁਤ ਵੱਡੀ ਪਾਰਟੀ ਰੱਖੀ ਸੀ, ਸੁੰਦਰ ਬਹੁਤ ਗਰੀਬ ਸੀ। ਉਸ ਦੇ ਪਿਤਾ ਕੋਲ ਇਕ ਤੋਹਫ਼ੇ ਲਈ ਵੀ ਪੈਸੇ ਨਹੀਂ ਸਨ, ਉਹਨਾਂ ਦਾ ਘਰ ਦਾ ਗੁਜਾਰਾ ਬਹੁਤ ਮੁਸ਼ਕਿਲ ਨਾਲ ਹੁੰਦਾ ਸੀ। ਕਈ ਵੇਲੇ ਉਹ ਆਪ ਪਾਣੀ ਪੀ ਕੇ ਹੀ ਰਾਤ ਗੁਜ਼ਾਰ ਲੈਂਦੇ ਸਨ। ਸੁੰਦਰ ਮੋਹਨ ਦੇ ਘਰ ਪਾਰਟੀ ਵਿੱਚ ਗਿਆ, ਉਸ ਨੇ ਆਪਣੇ ਫਟੇ-ਪੁਰਾਣੇ ਕੱਪੜੇ ਪਾਏ ਹੋਏ ਸਨ। ਮੋਹਨ ਦੇ ਘਰ ਉਸ ਦੇ ਅਮੀਰ ਦੋਸਤ ਅਤੇ ਅਮੀਰ ਰਿਸ਼ਤੇਦਾਰ ਆਏ ਹੋਏ ਸਨ। ਉਹ ਆਪਣੀ ਅਮੀਰੀ ਦਾ ਦਿਖਾਵਾ ਕਰ ਰਹੇ ਸਨ ਅਤੇ ਸੁੰਦਰ ਉੱਤੇ ਹੱਸ ਰਹੇ ਸਨ । ਸੁੰਦਰ ਬਹੁਤ ਦੁਖੀ ਹੋਇਆ ਅਤੇ ਉਦਾਸ ਚਿਹਰੇ ਨਾਲ ਘਰ ਆ ਗਿਆ ਉਸ ਨੇ ਠਾਣ ਲਈ ਕਿ ਉਹ ਪੜ-ਲਿਖ ਕੇ ਵੱਡਾ ਆਫਸਰ ਬਣੇਗਾ। ਉਸ ਨੇ ਪੈਸੇ ਉਧਾਰ ਲੈ ਕੇ ਆਪਣੀ ਪੜ੍ਹਾਈ ਜਾਰੀ ਰੱਖੀ, ਉਹ ਪੜ-ਲਿਖ ਕੇ ਇਕ ਵੱਡਾ ਡਾਕਟਰ ਬਣ ਗਿਆ। ਉਸ ਨੇ ਉਧਾਰ ਲਏ ਪੈਸੇ ਵਾਪਸ ਕੀਤੇ ਅਤੇ ਖ਼ੁਸ਼ੀ ਖ਼ੁਸ਼ੀ ਰਹਿਣ ਲੱਗਾ, ਦੂਸਰੀ ਤਰਫ ਮੋਹਨ ਅਮੀਰੀ ਦਾ ਦਿਖਾਵਾ ਕਰਦੇ ਹੋਏ ਨਸ਼ੇ ਉੱਤੇ ਲੱਗ ਪਿਆ ਅਤੇ ਆਪਣੀ ਜ਼ਿੰਦਗੀ ਖਰਾਬ ਕਰ ਲਈ।

**ਸਿੱਖਿਆ: ਅਸੀਂ ਅਮੀਰ ਹੋਈਏ ਜਾਂ ਗਰੀਬ, ਕੋਸ਼ਿਸ਼ ਕਰਨ ਨਾਲ ਹਰ ਮੁਸ਼ਕਲ ਨੂੰ ਆਸਾਨ ਕਰ ਸਕਦੇ ਹਾਂ।**

**ਨੀਨਾ**
**ਜਮਾਤ : 9ਵੀਂ**

# ਮਾਂ



ਸਾਡੇ ਹਰ ਦੁਖ ਦੀ ਦਵਾ ਹੁੰਦੀ ਹੈ ਮਾਂ
ਕਦੇ ਝਿੜਕਦੀ ਹੈ ਸਾਨੂੰ,ਤੇ ਕਦੇ ਗਲ਼ੇ ਲਗਾ ਲੈਂਦੀ ਹੈ ਮਾਂ
ਸਾਡੀਆਂ ਅੱਖਾਂ ਦੇ ਹੰਝੂ,ਆਪਣੀਆਂ ਅੱਖਾਂ ਵਿੱਚ ਸਮਾ ਲੈਂਦੀ ਹੈ ਮਾਂ।
ਆਪਣੇ ਚਿਹਰੇ ਦੀ ਮੁਸਕਾਨ,ਸਾਡੇ ਤੇ ਲੁਟਾ ਦਿੰਦੀ ਹੈ ਮਾਂ
ਸਾਡੀਆ ਖੁਸ਼ੀਆਂ ਵਿੱਚ ਸ਼ਾਮਿਲ ਹੋ ਕੇ,ਆਪਣੇ ਗ਼ਮ ਭੁਲਾ ਦਿੰਦੀ ਹੈ ਮਾਂ।
ਜਦ ਕਦੇ ਠੋਕਰ ਲੱਗੇ, ਸਭ ਤੋਂ ਪਹਿਲਾਂ ਯਾਦ ਆਉਂਦੀ ਹੈ ਮਾਂ
ਦੁਨੀਆਂ ਦੀ ਤਪਸ਼ ਵਿੱਚ,ਆਪਣੇ ਆਂਚਲ ਵਿੱਚ ਲੁਕੋ ਲੈਂਦੀ ਹੈ ਮਾਂ।
ਆਪ ਚਾਹੇ ਕਿੰਨੀ ਵੀ ਥੱਕੀ ਹੋਵੇ,ਸਾਨੂੰ ਦੇਖ ਕੇ,ਆਪਣੀ ਥਕਾਨ ਭੁੱਲ ਜਾਂਦੀ ਹੈ ਮਾਂ
ਪਿਆਰ ਭਰੇ ਹੱਥਾਂ ਨਾਲ,ਹਮੇਸ਼ਾ ਥਕਾਨ ਮਿਟਾਉਂਦੀ ਹੈ ਮਾਂ।
ਗੱਲ ਜਦੋਂ ਵੀ ਹੋਵੇ ਲਜ਼ੀਜ਼ ਖਾਣੇ ਦੀ, ਯਾਦ ਆਉਂਦੀ ਹੈ ਮਾਂ
ਰਿਸ਼ਤਿਆਂ ਨੂੰ ਖ਼ੂਬਸੂਰਤੀ ਨਾਲ ਨਿਭਾਉਣਾ ਸਿਖਾਉਂਦੀ ਹੈ ਮਾਂ।
ਲਫ਼ਜ਼ਾਂ ਵਿੱਚ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ,ਅਜਿਹੀ ਹੁੰਦੀ ਹੈ ਮਾਂ
ਰੱਬ ਜਿਸ ਦੀ ਮਮਤਾ ਦੇ ਅੱਗੇ ਝੁਕ ਜਾਵੇ,ਅਜਿਹੀ ਹੁੰਦੀ ਹੈ ਮਾਂ।

**ਜਸਵੀਰ ਕੌਰ**
**ਜਮਾਤ : ਬਾਰਵੀਂ**

# ਮੇਰਾ ਸ਼ੌਕ

ਹਰ ਵਿਅਕਤੀ ਦਾ ਬਚਪਨ ਤੋਂ ਹੀ ਕੋਈ ਨਾ ਕੋਈ ਸ਼ੌਂਕ ਜ਼ਰੂਰ ਹੁੰਦਾ ਹੈ ਜਦੋਂ ਅਸੀਂ ਸਕੂਲ ਜਾਂਦੇ ਹਾਂ ਤਾਂ ਹੌਲੀ-ਹੌਲੀ ਸਾਡੇ ਸੁਪਨਿਆਂ ਵਿਚ ਤਬਦੀਲ ਹੋ ਜਾਂਦਾ ਹੈ। ਮੇਰੇ ਪਿਤਾ ਜੀ ਦਾ ਸੁਪਨਾ ਸੀ ਕਿ ਮੈਂ ਆਪਣੇ ਦੇਸ਼ ਲਈ ਕੁਝ ਕਰ ਸਕਾ ਤੇ ਕਾਬਿਲ ਬਣ ਸਕਾਂ। ਮੇਰੇ ਪਿਤਾ ਜੀ ਦੀ ਮੌਤ ਤੋਂ ਬਾਅਦ ਇਹ ਸੁਪਨਾ ਮੈਂ ਆਪਣਾ ਸੁਪਨਾ ਬਣਾ ਲਿਆ ਤੇ ਇਸ ਸੁਪਨੇ ਨੂੰ ਪੂਰਾ ਕਰਨ ਦਾ ਮੈਂ ਦ੍ਰਿੜ ਇਰਾਦਾ ਬਣਾ ਲਿਆ। ਇਕ ਵਾਰ ਮੈਂ ਟੈਲੀਵਿਜ਼ਨ ਉਪਰ ਆਈਪੀਐਸ ਅਫ਼ਸਰ ਕਿਰਨ ਬੇਦੀ ਦੀ ਫਿਲਮ/ ਇੰਟਰਵਿਊ ਦੇਖ ਰਹੀ ਸੀ ਜਿਸ ਦੀਆਂ ਗੱਲਾਂ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਤੇ ਮੇਰੇ ਅੰਦਰ ਆਪਣੇ ਦੇਸ਼ ਲਈ ਕੁਝ ਕਰ ਸਕਣ ਦਾ ਸ਼ੌਕ ਜਗਾਇਆ। ਇਸ ਤਰ੍ਹਾਂ ਬਚਪਨ ਤੋਂ ਹੀ ਮੇਰੇ ਮਨ ਵਿਚ ਆਈਪੀਐਸ ਅਫ਼ਸਰ ਬਣ ਕੇ ਦੇਸ਼ ਦੀ ਸੇਵਾ ਕਰਨ ਦਾ ਸ਼ੌਕ ਪੈਦਾ ਹੋ ਗਿਆ। ਇਸ ਸ਼ੌਕ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਵਿੱਚ ਮੈਂ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਭਾਗ ਲੈਣਾ ਵੀ ਸ਼ੁਰੂ ਕਰ ਦਿੱਤਾ ਤੇ ਨਾਲ ਹੀ ਦੌੜ ਲਗਾਉਣ , ਉੱਚੀ ਛਾਲ ਹੋਰ ਬਹੁਤ ਇਸ ਨਾਲ ਮਿਲਦੀਆਂ ਜੁਲਦੀਆਂ ਖੇਡਾਂ ਖੇਡਣੀਆਂ ਆਪਣੇ ਨਿਤਨੇਮ ਵਿੱਚ ਸ਼ਾਮਿਲ ਕਰ ਲਈਆ ਖੇਡਾਂ, ਸਕੂਲ ਦੀ ਪੜ੍ਹਾਈ ਦੇ ਨਾਲ-ਨਾਲ ਇਸ ਨਾਲ ਸਬੰਧਿਤ ਗੱਲਾਂ ਬਾਰੇ ਜਾਣਕਾਰੀ ਇਕੱਠੀ ਕਰਨੀ ਵੀ ਮੈਂ ਸ਼ੁਰੂ ਕਰ ਦਿੱਤੀ। ਮੈਂ ਹੁਣ ਬਾਰਵੀਂ ਜਮਾਤ ਵਿੱਚ ਪੜਦੀ ਹਾਂ ਤੇ ਮੈਂ ਪੜਾਈ ਅਤੇ ਖੇਡਾਂ ਦੋਵਾਂ ਨੂੰ ਹੀ ਮੱਦੇ ਨਜ਼ਰ ਰੱਖਦੇ ਹੋਏ ਆਪਣੇ ਇਸ ਸੁਪਨੇ ਲਈ ਮਿਹਨਤ ਕਰਾਂਗੀ ਅਤੇ ਆਪਣਾ ਅਤੇ ਆਪਣੇ ਪਿਤਾ ਜੀ ਦਾ ਸੁਪਨਾ ਜ਼ਰੂਰ ਪੂਰਾ ਕਰਾਂਗੀ। ਮੈਂ ਆਈਪੀਐਸ ਅਫ਼ਸਰ ਬਣ ਕੇ ਦੇਸ਼ ਦੀ ਸੇਵਾ ਦੇ ਨਾਲ ਨਾਲ ਆਪਣਾ ਸ਼ੌਕ ਅਤੇ ਆਪਣੇ ਪਿਤਾ ਜੀ ਦਾ ਦੇਖਿਆ ਗਿਆ ਸੁਪਨਾ ਪੂਰਾ ਕਰਾਂਗੀ ਅਤੇ ਆਪਣੇ ਪਰਿਵਾਰ ਦਾ ਨਾਮ ਰੋਸ਼ਨ ਕਰਾਂਗੀ।

**ਮੁਸਕਾਨ**

**ਜਮਾਤ : 10+2**

# ਅਸਫ਼ਲ ਹੋਣਾ ਕਿਉਂ ਜਰੂਰੀ ਹੈ

ਹਰ ਇਨਸਾਨ ਦੁਨੀਆਂ ਦੇ ਵਿੱਚ ਆਪਣੀ ਜਿੰਦਗੀ ਨੂੰ ਵਧੀਆ ਤਰੀਕੇ ਨਾਲ ਜੀਉਣ ਲਈ ਸਫਲ ਹੋਣਾ ਚਾਹੁੰਦਾ ਹੈ। ਕੋਈ ਵੀ ਇਨਸਾਨ ਇਹ ਨਹੀਂ ਚਾਹੁੰਦਾ ਹੈ ਕੀ ਉਹ ਅਸਫ਼ਲ ਹੋਵੇ ਪਰੰਤੂ ਇਸ ਦੇ ਲਈ ਸਾਨੂੰ ਬਹੁਤ ਸਖ਼ਤ ਮਿਹਨਤ ਦੀ ਜ਼ਰੂਰਤ ਪੈਂਦੀ ਹੈ। ਜਿਸ ਤਰ੍ਹਾਂ ਕਿ ਇਕ ਛੋਟਾ ਜਿਹਾ ਬੱਚਾ ਉੱਠ ਕੇ ਖੜ੍ਹਾ ਹੋਣ ਦੀ ਵਾਰ-ਵਾਰ ਕੋਸ਼ਿਸ਼ ਕਰਦਾ ਹੈ ਤੇ ਡਿੱਗ ਪੈਂਦਾ ਹੈ ਅੰਤ ਬਹੁਤ ਸਾਰੀਆਂ ਕੋਸ਼ਿਸ਼ਾਂ ਕਰਨ ਦੇ ਬਾਅਦ ਉਹ ਖੜ੍ਹਾ ਹੋ ਜਾਂਦਾ ਹੈ। ਇਸ ਤਰ੍ਹਾਂ ਹੀ ਸਾਡੀ ਜ਼ਿੰਦਗੀ ਦਾ ਪਹੀਆ ਚੱਲਦਾ ਹੈ ਜੇਕਰ ਅਸੀਂ ਕਿਸੇ ਮੰਜ਼ਿਲ ਤੇ ਪਹੁੰਚਣ ਲਈ ਇਕ ਦੋ ਵਾਰੀ ਮਿਹਨਤ ਕਰਕੇ ਅਸਫ਼ਲ ਹੋ ਜਾਂਦੇ ਹਾਂ ਤਾਂ ਸਾਨੂੰ ਬਿਲਕੁਲ ਵੀ ਘਬਰਾਉਣਾ ਨਹੀਂ ਚਾਹੀਦਾ। ਕਿਉਂਕਿ ਸਾਨੂੰ ਸਫਲ ਹੋਣ ਲਈ ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਬਹੁਤ ਸਾਰੀਆਂ ਪੌੜੀਆਂ ਚੜ੍ਹਨੀਆਂ ਪੈਂਦੀਆਂ ਹਨ ਇਸ ਲਈ ਸਾਨੂੰ ਅਸਫਲਤਾ ਦਾ ਰਸਤਾ ਹੀ ਲੰਘਣਾ ਪਵੇਗਾ ਤਾਂ ਹੀ ਅਸੀਂ ਆਪਣੀ ਮੰਜ਼ਿਲ ਤੇ ਪਹੁੰਚ ਸਕਦੇ ਹਾਂ। ਇਸ ਲਈ ਅਸੀਂ ਇਹ ਆਖ ਸਕਦੇ ਹਾਂ ਕਿ ਉਹ ਅਸਫ਼ਲਤਾ ਤੋਂ ਹੀ ਸਫ਼ਲਤਾ ਮਿਲਦੀ ਹੈ।

**ਅਮਨਦੀਪ ਕੌਰ**
**ਜਮਾਤ : +2 (Comm.)**

# ਬਾਲ ਦਿਵਸ

14 ਨਵੰਬਰ ਨੂੰ ਹਰ ਸਾਲ 'ਬਾਲ ਦਿਵਸ' ਮਨਾਇਆ ਜਾਂਦਾ ਹੈ। ਇਸ ਦਿਨ 14 ਨਵੰਬਰ 1889 ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਜੀ ਦਾ ਜਨਮ ਹੋਇਆ ਸੀ। ਇਸ ਦਿਨ ਅਕਸਰ ਸਕੂਲਾਂ ਵਿਚ ਕਈ ਤਰ੍ਹਾਂ ਦੇ ਪ੍ਰੋਗਰਾਮ , ਜਿਵੇਂ ਵਾਦ-ਵਿਵਾਦ, ਸੰਗੀਤ ਤੇ ਨਾਚ ਦਾ ਆਯੋਜਨ ਹੁੰਦਾ ਹੈ। ਬੱਚਿਆ ਵਿੱਚ ਕੱਪੜੇ, ਖਿਡੌਣੇ, ਕਿਤਾਬਾਂ ਅਤੇ ਚਾਕਲੇਟਸ ਆਦਿ ਵੀ ਵੰਡੇ ਜਾਂਦੇ ਹਨ।

1964 ਤੋਂ ਪਹਿਲਾਂ ਹਰ ਸਾਲ 20 ਨਵੰਬਰ ਨੂੰ 'ਬਾਲ ਦਿਵਸ' ਮਨਾਇਆ ਜਾਂਦਾ ਸੀ। ਕਿਉਂਕਿ ਇਸ ਦਿਨ ਸੰਯੁਕਤ ਰਾਜ ਦੁਆਰਾ 'ਗਲੋਬਲ ਬਾਲ ਦਿਵਸ' ਮਨਾਇਆ ਜਾਂਦਾ ਹੈ। 1964 ਵਿੱਚ ਜਵਾਹਰ ਲਾਲ ਨਹਿਰੂ ਦੇ ਦਿਹਾਂਤ ਤੋਂ ਬਾਅਦ ਉਹਨਾਂ ਦੇ ਜਨਮ ਦਿਵਸ ਨੂੰ 'ਬਾਲ ਦਿਵਸ' ਦੇ ਰੂਪ ਵਿੱਚ ਮਨਾਉਣ ਦਾ ਫ਼ੈਸਲਾ ਲਿਆ ਗਿਆ। ਇਸ ਫੈਸਲੇ ਦੇ ਕਾਰਨ ਇਹ ਸੀ ਕਿ ਜਵਾਹਰ ਲਾਲ ਨਹਿਰੂ ਦਾ ਬੱਚਿਆਂ ਨਾਲ ਕਾਫ਼ੀ ਪਿਆਰ ਅਤੇ ਸਨੇਹ ਸੀ। ਬੱਚਿਆਂ ਨਾਲ ਕਾਫ਼ੀ ਪਿਆਰ ਕਾਰਨ ਹੀ ਉਨ੍ਹਾਂ ਦਾ 'ਚਾਚਾ ਨਹਿਰੂ' ਵੀ ਕਿਹਾ ਜਾਂਦਾ ਸੀ।

ਉਹ ਬੱਚਿਆਂ ਦੇ ਕਲਿਆਣ ਨੂੰ ਲੈ ਕੇ ਕਾਫ਼ੀ ਸੋਚਦੇ ਸੀ। ਉਹ ਸਕੂਲੀ ਬੱਚਿਆਂ ਨੂੰ ਭੋਜਨ ਅਤੇ ਹੋਰ ਜ਼ਰੂਰੀ ਚੀਜ਼ਾਂ ਮੁਹੱਈਆ ਕਰਵਾਉਣ ਲਈ ਪ੍ਰੋਗਰਾਮ ਲਾਂਚ ਕਰਦੇ ਰਹਿੰਦੇ ਸਨ। ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਬੱਚਿਆਂ ਦੇ ਕਲਿਆਣ ਲਈ ਪ੍ਰੋਗਰਾਮ ਸ਼ੁਰੂ ਕੀਤੇ। ਇਹਨਾਂ ਪ੍ਰੋਗਰਾਮਾਂ ਨਾਲ ਬੱਚਿਆਂ ਦੀ ਸੁਰੱਖਿਆ ਸੁਨਿਸਚਿਤ ਹੋਈ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕਿਆ। ਉਹ ਕਿਹਾ ਕਰਦੇ ਸੀ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਨੇ ਬੱਚਿਆਂ ਦੀ ਸਿੱਖਿਆ ਲਈ ਕਈ ਪ੍ਰੋਗਰਾਮ ਸ਼ੁਰੂ ਕੀਤੇ। ਲੋਕਾਂ ਨੂੰ ਸਿੱਖਿਆ ਦੇ ਮਹੱਤਵ ਨਾਲ ਜਾਣੂ ਕਰਵਾਉਣ ਲਈ ਵੀ ਉਨ੍ਹਾਂ ਦੇ ਕਾਰਜਕਾਲ 'ਚ ਪ੍ਰੋਗਰਾਮ ਸ਼ੁਰੂ ਕੀਤੇ ਗਏ। ਇਹਨਾਂ ਸਾਰਿਆਂ ਨਾਲ ਅਪ੍ਰਤੱਖ ਤੌਰ 'ਤੇ ਬੱਚਿਆਂ ਨੂੰ ਲਾਭ ਹੋਇਆ। ਬੱਚਿਆ ਦੇ ਪ੍ਰਤੀ ਉਹਨਾਂ ਦਾ ਲਗਾਅ ਸਨੇਹ ਅਤੇ ਪਿਆਰ ਹੀ ਸੀ ਜੋ ਉਨ੍ਹਾਂ ਦੇ ਦਿਹਾਂਤ ਦੇ ਬਾਅਦ ਉਨ੍ਹਾਂ ਦੇ ਜਨਮ ਦਿਵਸ ਨੂੰ 'ਬਾਲ ਦਿਵਸ' ਦੇ ਤੌਰ ਤੇ ਮਨਾਉਣ ਦਾ ਫੈਸਲਾ ਲਿਆ ਗਿਆ।

# ਆਮ ਗਿਆਨ

ਪ੍ਰ.(1) ਐਤਵਾਰ ਦੀ ਛੁੱਟੀ ਹੋਣੀ ਕਦੋਂ ਆਰੰਭ ਹੋਈ?
ਪ੍ਰ.(2) ਕੈਲਕੁਲੇਟਰ ਦੀ ਖੋਜ ਕਿਸ ਨੇ ਕੀਤੀ?
ਪ੍ਰ.(3) ਹੜੱਪਾ ਸੱਭਿਅਤਾਦੌਰਾਨ ਕਿਸ ਕਿਸਮ ਦਾ ਵਪਾਰ ਸਿਸਟਮ ਵਰਤਿਆ ਗਿਆ ਸੀ?
ਪ੍ਰ.(4) ਭਾਰਤ ਵਿੱਚ ਸੂਰਜ ਸਭ ਤੋਂ ਪਹਿਲਾਂ ਕਿਸ ਰਾਜ ਵਿਚ ਚੜਦਾ ਹੈ?
ਪ੍ਰ.(5) ਏ. ਟੀ .ਐੱਮ .ਦੀ ਖੋਜ ਕਿਸ ਨੇ ਕੀਤੀ?
ਪ੍ਰ.(6) ਹਵਾਈ ਜਹਾਜ਼ ਦੀ ਖੋਜ ਕਿਸ ਨੇ ਕੀਤੀ?
ਪ੍ਰ.(7) ਟੈਲੀਫੋਨ ਦੀ ਖੋਜ ਕਿਸ ਨੇ ਕੀਤੀ?
ਪ੍ਰ.( 8) ਪੈੱਨ ਦੀ ਖੋਜ ਕਿਸ ਨੇ ਕੀਤੀ?
ਪ੍ਰ.(9) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕਦੋਂ ਕੀਤਾ ਗਿਆ?
ਪ੍ਰ.( 10) ਮਹਾਂਭਾਰਤ ਦਾ ਯੁੱਧ ਕਿੰਨਾ ਸਮਾਂ ਚੱਲਿਆ?
ਪ੍ਰ.(11) ਕੰਪਿਊਟਰ ਦਾ ਪਿਤਾ ਕਿਸ ਨੂੰ ਕਿਹਾ ਜਾਂਦਾ ਹੈ?
ਪ੍ਰ.(12) ਭਾਰਤੀ ਰਿਜ਼ਰਵ ਬੈਂਕ ਦੀ ਸਥਾਪਨਾ ਕਦੋਂ ਹੋਈ ਸੀ?
ਪ੍ਰ.(13) ਮਨੁੱਖੀ ਸਰੀਰ ਦੀ ਸਭ ਤੋਂ ਵੱਡੀ ਹੱਡੀ ਕਿਹੜੀ ਹੈ?
ਪ੍ਰ 14) ਭਾਰਤ ਦੀ ਪ੍ਰਸਤਾਵਨਾ ਦੀ ਭਾਸ਼ਾ ਕਿਸ ਦੇਸ਼ ਦੇ ਸੰਵਿਧਾਨ ਤੋਂ ਲਈ ਗਈ ਹੈ?
ਪ੍ਰ.(15) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨੇ ਅੰਗ ਹਨ?
ਪ੍ਰ.(16)ਤਿਰੰਗੇ ਨੂੰ ਕਿਸ ਨੇ ਡਿਜ਼ਾਇਨ ਕੀਤਾ?
ਪ੍ਰ.(17) ਖੂਨ ਵਿਚ ਪਾਣੀ ਦੀ ਮਾਤਰਾ ਕਿੰਨੀ ਹੁੰਦੀ ਹੈ?
ਪ੍ਰ.(18) ਕਿਸ ਦੇਸ਼ ਵਿਚ ਕੋਈ ਖੇਤ ਨਹੀਂ ਹੈ?

ਉੱਤਰ:-

1. 1843 2. ਪਾਸਕਲ 3. ਬਾਰਟਰ ਸਿਸਟਮ
4. ਅਰੁਣਾਚਲ ਪ੍ਰਦੇਸ਼ 5. ਜੌਨ ਸ਼ੈਫਰਡ ਬੈਰਨ 6. ਰਾਈਟ ਬ੍ਰਦਰਜ਼
7. ਗਰਾਹਮਬੈਲ 8. ਐੱਲ.ਈ.ਵਾਟਰਮੈਨ 9. 1604
10. 18ਦਿਨ 13 .ਚਾਰਲਸ ਬੈਬੇਜ 12. 1ਅਪ੍ਰੈਲ 1935
13. ਫੀਮਰ(ਪੱਟ ਦੀ ਹੱਡੀ) 14.ਆਸਟ੍ਰੇਲੀਆ 15. 1430 ਅੰਗ
16. ਪਿੰਗਲੀ ਵੇਕੇਨਿਆ 17. ਲਗਭਗ 90% 18. ਸਿੰਗਾਪੁਰ

# ਬੁਝਾਰਤਾਂ

1. ਉਹ ਕਿਹੜੀ ਚੀਜ਼ ਹੈ, ਜਿਹਰੇ ਵਿੱਚ ਫੁੱਲ- ਫਲ ਅਤੇ ਮਿਠਿਆਈ ਤਿੰਨਾਂ ਦੇ ਨਾਮ ਆਉਂਦੇ ਹਨ।
2. ਉਹ ਕਿਹੜੀ ਚੀਜ਼ ਹੈ, ਜੋ ਪਾਣੀ ਤੋ ਬਣੀ ਹੈ ਉਹਨੂੰ ਸੂਰਜ ਵੀ ਨਹੀ ਸੁੱਕਾ ਸਕਦਾ।
3. ਉਹ ਕਿਹੜੀ ਚੀਜ਼ ਹੈ, ਜਿਸਨੂੰ ਤੋੜਨ ਲੱਗਿਆਂ ਆਵਾਜ਼ ਨਹੀਂ ਆਉਂਦੀ।
4. ਦੁਨੀਆਂ ਵਿੱਚ ਸਭ ਤੋਂ ਤੇਜ਼ ਗਤੀ ਕਿਸ ਚੀਜ਼ ਦੀ ਹੁੰਦੀ ਹੈ।
5. ਕਿਸ ਸਵਾਲ ਦਾ ਜਵਾਬ ਹਰ ਵਕਤ ਬਦਲਦਾ ਰਹਿੰਦਾ ਹੈ।
6. ਅਜਿਹੀ ਕਿਹੜੀ ਚੀਜ਼ ਹੈ, ਜੋ ਪੂਰੇ ਸ਼ਹਿਰ 'ਚ ਘੁੰਮਦੀ ਹੈ ਪਰ ਮੰਦਿਰਾਂ ਜਾਂ ਗੁਰਦੁਆਰਿਆਂ ਵਿੱਚ ਜਾਣ ਤੋਂ ਡਰਦੀ ਹੈਂ।
7. ਦਿਨ ਵਿੱਚ ਸੌਂਦੀ ਰਾਤ ਨੂੰ ਰੋਂਦੀ ਜਿੰਨਾਂ ਰੋਏ ਉਨ੍ਹਾਂ ਖੋਏ।
8. ਸ਼ੀਸ਼ੇ ਦੀ ਛੱਪੜੀ ਕੰਡਿਆਂ ਦੀ ਵਾੜ ਬੁੱਝਣ ਵਾਲਾ ਬੜਾ ਹੁਸ਼ਿਆਰ।
9. ਉਹ ਕਿਹੜਾ ਦਰਿਆ ਹੈ ਜਿਸ ਦਾ ਦੂਸਰਾ ਤੇ ਚੌਥਾ ਅੱਖਰ ਕੱਟ ਦਈਏ ਤਾਂ ਉਹ ਕਈਆਂ ਦੇ ਰਹਿਣ ਵਾਲੀ ਥਾਂ ਬਣ ਜਾਂਦੀ ਹੈ।

ਉੱਤਰ:-

1. ਗੁਲਾਬ ਜਾਮਣ
2. ਪਸੀਨਾ
3. ਵਿਸ਼ਵਾਸ
4. ਪ੍ਰਕਾਸ਼
5. ਟਾਈਮ ਕੀ ਹੋਇਆ
6. ਚੱਪਲਾ
7. ਮੋਮਬੱਤੀ
8. ਅੱਖਾਂ
9. ਦੀਵਾ
10. ਜੇਹਲਮ

# सम्पादकीय



प्रिय छात्रओं,

विद्यालय की पत्रिका पुंगार आपके सहयोग से जनमानस के समक्ष प्रस्तुत करने में हमें अति हर्ष का अनुभव हो रहा है। पत्रिका में आपकी सृजनात्मक को अभिव्यक्ति करने वाली रचनाओं एवं प्रेरक प्रसंगों को यथावत स्थान देने का प्रयास किया गया है। छात्रावस्था जीवन का वह स्वर्णिम युग कहा जा सकता है जिसमें हम अपने जीवन को बेहतर बनाने वाले सपनों का बीजांकुर करते हैं। विद्याग्रहण करने के कार्य में निरन्तर लीन रहते हुए हम गुरूओं से वह हुनर सीख जाते हैं। जिनसे अपने सपनों को साकार कर सकें। आपके लिए विद्यार्थी जीवन का हर पल अति बहुमूल्य है जिसमें आप ज्यादा से ज्यादा सीखने की कोशिश करें और समाज में एक अच्छे इंसान बनकर सभी के सामने एक उदाहरण प्रस्तुत करें। जीवन की किसी भी परीक्षा में मिली असफलता से निराश न होकर पूर्ण आशा एवं विश्वास के साथ अपने सपनों एवं लक्ष्य तक पहुंचाने वाली राहो पर निरन्तर आगे ही आगे बढ़ते जाओ और ये अमर काव्य पंक्तियां सदैव अपने मन मस्तिष्क में याद रखो:

होंगे कामयाब, हम होंगे कामयाब
हम होंगे कामयाब एक दिन
मन में है विश्वास, पूरा है विश्वास
हम होंगे कामयाब एक दिन

**शुभकामनाओं सहित**

**पूनम देवी (हिन्दी मिस्ट्रैस)**

# कोशिश कर

कोशिश कर, हल निकलेगा,
आज नहीं तो कल निकलेगा।
अर्जुन सा लक्ष्य रख, निशाना लगा, मरुस्थल से भी फिर, जल निकलेगा।
मेहनत कर, पौधों को पानी दें,
बंजर से भी फल निकलेगा।
ताकत जुटा, हिम्मत को आग दें,
फौलाद का भी, बल निकलेगा।
सीने में उम्मीदों को, जिंदा रख,
समन्दर से भी, गंगाजल निकलेगा।
कोशिशें जारी रख, कुछ कर गुज़रने की, जो कुछ थमा- थमा है, चल निकलेगा।
कोशिश कर , हल निकलेगा,
आज नही तो कल निकलेगा।

**हरमन सिंह**
**कक्षा : छठी**

# लड़कियों की पुकार

सदा-सदा से प्रश्न हमारा,
क्यों लड़का, लड़की से प्यारा।

पुत्र जन्म पर खुशी मनाते,
पुत्री जन्म पर मुँह लटकाते,
भाई दूध-मलाई खाते,
बची-खुची हमको पकड़ाते ।

ना भैया से काम कराते,
हमसे तुम बर्तन मंझवाते।

सदियों से देखा है हमने,
भेदपूर्ण व्यवहार तुम्हारा ,
सदा-सदा से प्रश्न हमारा,
क्यों लडका लड़की से प्यारा।

पुत्र बराबर यदि समझते,
हम भी सब कुछ कर पायेंगी,

पूरी शिक्षा पाकर हम भी,
हम भी आगे बढ़ पायेगी।
'इन्दिरा जी' है लक्ष्य हमारा,
हम कोई 'राजीव' बनाएँगी,

यदि समाज दे हमें सहारा।
सदा-सदा से प्रश्न हमारा,

क्यों लड़का, लड़की से प्यारा।

**बलजिंदर सैणी**
**कक्षा : नौवीं**

# हमारा पंजाब

पंजाब एक अनोखा प्रदेश है। इसमें पाँच नदियाँ थी। इस कारण उसे पंजाब (पंज+आब) कहा जाता है। इसकी राजधानी चण्डीगढ़ है। यहां के लोग का मुख्य व्यवसाय कृषि है। पंजाब की भूमि बहुत उपजाऊ है। भारत की सबसे अधिक फसलें यहाँ पर पैदा होती है। यहाँ पर सतलुज, व्यास, रावी, चनाव, जेहलम नदियाँ बहती थी। पंजाब के जवान स्वस्थ शरीर वाले सुन्दर और उदार स्वभाव के हैं। इनमें स्वाभिमान कूट-कूट कर भरा हुआ है। आज़ादी की लड़ाई में इन्होंने बढ़-चढ़ कर भाग लिया। देश के प्रसिद्ध नेता लाला लाजपत राय, भगतसिंह इसी प्रान्त से सम्बन्ध रखते हैं। पंजाबी जवान देश की रक्षा के लिए अपनी जान तक की बाज़ी लगा देते हैं ।

**पविंदरजीत**
**कक्षा : दसवीं 'बी'**

## धैर्य

धैर्य हमारे जीवन में काफी महत्वपूर्ण भूमिका निभाता है। यदि हम जीवन में धैर्य रखते हैं तो बहुत कुछ प्राप्त कर सकते हैं, यहाँ तक की बड़ी से बड़ी सफलता भी हम धैर्य रखकर प्राप्त कर सकते हैं । सहनशीलता को धैर्य कहा जाता है। धैर्य मनुष्य के व्यक्तित्व को ऊँचा उठाने का एक उत्तम गुण है। धैर्य के गुण को प्राप्त करके मनुष्य में असाधारण सामर्थ्य आ जाता है। वह न केवल अपने लक्ष्यों को अविचल रूप से प्राप्त करता जाता है, बल्कि दूसरों को उचित सलाह देने के लिए भी सदा तत्पर रहता है। धैर्य के गुण का महत्व जीवन के अलग-अलग क्षेत्रों में स्पष्ट रूप से महसूस किया जा सकता है।

**लवप्रीत कौर**
**कक्षा : +1 (comm.)**

## स्कूल के बाद का जीवन

